
FARM AND SPICE
Open 7 Days a Week
8.30 am to 9.00 pm
SPECIAL OFFERS: 26 MAY - JUN 01
Daily Specials on
ਪੱਤਾ ਗੋਭੀ
Cabbage
99¢ /lb
ਐਂਬ੍ਰੋਸੀਆ ਸੇਬ
Ambrosia Apple
$1.49 /lb
ਫੂਜੀ ਸੇਬ
Fuji Apple
$1.49 /lb
ਆਵੋਕਾਡੋ
Avocado
99¢ each
ਮੱਕੀ
Corn
99¢ each
ਚੁਕੰਦਰ
Beetroots
$1.49 /lb
ਗਾਲਾ ਬੀ ਸੀ ਸੇਬ
Gala BC Apple
$1.49 /lb
ਪੁਦੀਨਾ
Mint
99¢ each
ਮੇਥੀ
Methi
Local
$1.99 each
ਬ੍ਰੋਕਲੀ
Brocolli
$1.99 /lb
ਜੰਬੋ ਬੈਂਗਣ
Eggplant
Jumbo
$1.99 each
ਸੰਤਰਾ ਛੋਟਾ/ਵਡਾ
Orange Small/Large
$1.49 /lb
ਸਟ੍ਰਾਬੈਰੀ
Strawberry 1lb
$2.99 Pack
ਅਨਾਰ
Pomegranate
$2.99 each
ਸਾਗ
Rapinni
Local
$1.99 each
ਫੁਲ ਗੋਭੀ
Cauliflower
$2.99 each
ਸੋਹਣਾ ਸਾਗ
Sohna
Sarson Ka
Saag
850g
$2.99 each
ਪਚਰੰਗਾ ਸ਼ੱਕਰ
Pachranga
Punjabi Shakkar
1kg
$3.99 each
ਸ਼ੇਰ ਗੁੜ ਸ਼ੱਕਰ
Sher
Gur/Shakkar
1kg
$3.99 each
ਪਾਰਲੀਮੈਂਟ ਚਾਵਲ
Parliament
Basmati Rice
8 lb
$7.99 each
ਰੈਡ ਲੇਬਲ ਚਾਹ
Red Label
Round Tea Bags
216Bags
$9.99 each
ਹੀਰ ਆਟਾ
Heer Atta
Whole Wheat/
Durum Chakki
20 lb
$12.99 each
ਕ੍ਰਾਊਨ ਤੇਲ
Crown
Sunflower Oil
3 ltr
$14.99 each
A+Plus
A+Plus asstd. pulses 1kg
50% OFF
Mangoes available at both locations
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last




ਜਲਦ ਆ ਰਿਹਾ
ਆਖਰੀ ਫੇਜ਼ (phase)
1 – 3 ਬੈੱਡਰੂਮ ਹੋਮਜ
SilvaSurrey.com
604.690.6174 · info@silvasurrey.com

ਹੋਰ ਜਾਣਕਾਰੀ

WANSON GROUP
MARKETING BY
rennie

Prices are subject to change without notice. The developer reserves the right to make changes and modifications to the information contained herein without prior notice. Artist's renderings are representations only and may not be accurate. E.&O.E.

# ਉੱਤਰਾਖੰਡ:ਹਿੰਦੂਤਵੀਆਂ ਦੇ ਵਿਰੋਧ ਕਾਰਨ ਭਾਜਪਾ ਨੇਤਾ ਨੇ ਮੁਸਲਿਮ ਨੌਜਵਾਨ ਨਾਲ ਧੀ ਦਾ ਵਿਆਹ ਰੱਦ ਕਰ ਦਿੱਤਾ

ਨਵੀਂ ਦਿੱਲੀ: ਉੱਤਰਾਖੰਡ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਇੱਕ ਨੇਤਾ ਨੇ ਹਿੰਦੂਤਵੀ ਸੰਗਠਨਾਂ ਦੇ ਦਬਾਅ ਅਤੇ ਕਾਨੂੰਨ ਵਿਵਸਥਾ ਦੀ ਸਥਿਤੀ ਦੇ ਮੱਦੇਨਜ਼ਰ ਇੱਕ ਮੁਸਲਿਮ ਨੌਜਵਾਨ ਨਾਲ ਆਪਣੀ ਧੀ ਦਾ ਵਿਆਹ ਟਾਲ ਦਿੱਤਾ। ਇਹ ਵਿਆਹ 28 ਮਈ ਨੂੰ ਹੋਣਾ ਸੀ।ਭਾਜਪਾ ਨੇਤਾ ਅਤੇ ਪੌੜੀ ਨਗਰ ਨਿਗਮ ਦੇ ਪ੍ਰਧਾਨ ਯਸ਼ਪਾਲ ਦੀ ਬੇਟੀ ਦੇ ਵਿਆਹ ਦੇ ਕਾਰਡ ਦੀ ਤਸਵੀਰ ਬੀਤੇ ਵੀਰਵਾਰ (18 ਮਈ) ਨੂੰ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਗਈ ਸੀ। ਤਸਵੀਰ ਸਾਹਮਣੇ ਆਉਣ ਤੋਂ ਬਾਅਦ ਭਾਜਪਾ ਸਮਰਥਕਾਂ ਅਤੇ ਇਕ ਵਰਗ ਨੇ ਉਨਾ ਦੀ ਆਲੋਚਨਾ ਕੀਤੀ। ਉਸ ਨੂੰ ਜ਼ਬਰਦਸਤ ਟ੍ਰੋਲ ਕੀਤਾ ਗਿਆ।ਕੁਝ ਲੋਕਾਂ ਨੇ ਇਸ ਵਿਆਹ ਨੂੰ 'ਲਵ ਜੇਹਾਦ' ਦੀ ਕੋਸ਼ਿਸ਼ ਕਿਹਾ ਸੀ ਅਤੇ ਹਾਲ ਹੀ 'ਚ ਰਿਲੀਜ਼ ਹੋਈ ਵਿਵਾਦਿਤ ਫਿਲਮ 'ਦਿ ਕੇਰਲਾ ਸਟੋਰੀ' ਨਾਲ ਇਸ ਦੀ ਤੁਲਨਾ ਕਰ ਰਹੇ ਹਨ।




'ਦ ਟੈਲੀਗ੍ਰਾਫ' ਦੀ ਰਿਪੋਰਟ ਮੁਤਾਬਕ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯਸ਼ਪਾਲ ਨੇ ਕਿਹਾ, 'ਮੈਂ ਨਹੀਂ ਚਾਹੁੰਦਾ ਕਿ ਸਾਡੇ ਬੱਚਿਆਂ ਦੇ ਵਿਆਹ ਕਾਰਨ ਪ੍ਰਸ਼ਾਸਨ ਅਤੇ ਪੁਲਿਸ ਨੂੰ ਕੋਈ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ।'ਉਨ੍ਹਾਂ ਕਿਹਾ, ''ਮੈਂ ਇਸ ਵਿਆਹ ਨੂੰ ਲੈ ਕੇ ਆਪਣੀ ਹੀ ਪਾਰਟੀ ਦੇ ਕੁਝ ਲੋਕਾਂ ਵੱਲੋਂ ਪੈਦਾ ਹੋਏ ਵਿਵਾਦ 'ਤੇ ਲਾੜੇ ਦੇ ਮਾਤਾ-ਪਿਤਾ ਨਾਲ ਚਰਚਾ ਕੀਤੀ ਹੈ ਅਤੇ ਅਸੀਂ ਮਿਲ ਕੇ ਫਿਲਹਾਲ ਸਾਰੇ ਫੰਕਸ਼ਨ ਰੱਦ ਕਰਨ ਦਾ ਫੈਸਲਾ ਕੀਤਾ ਹੈ।'' ਅਸੀਂ ਜਲਦੀ ਹੀ ਫੈਸਲਾ ਕਰਾਂਗੇ ਕਿ ਕੀ ਕਰਨਾ ਹੈ।ਯਸ਼ਪਾਲ ਦੀ ਧੀ ਮੋਨਿਕਾ ਅਤੇ ਉਸਦੇ ਹੋਣ ਵਾਲੇ ਪਤੀ ਮੋਨਿਸ, ਜੋ ਉੱਤਰ ਪ੍ਰਦੇਸ਼ ਦੇ ਅਮੇਠੀ ਦੇ ਰਹਿਣ ਵਾਲੇ ਹਨ, ਨੇ ਇਕੱਠੇ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਅਤੇ ਹੁਣ ਇੱਕ ਦੱਖਣੀ ਭਾਰਤੀ ਰਾਜ ਵਿੱਚ ਇੱਕੋ ਕੰਪਨੀ ਵਿੱਚ ਕੰਮ ਕਰਦੇ ਹਨ।ਪਿਛਲੇ ਸ਼ੁੱਕਰਵਾਰ, ਭਾਜਪਾ ਦੇ ਇੱਕ ਕਾਰਜਕਾਰੀ ਅਤੇ ਰਾਜ ਸਰਕਾਰ ਦੁਆਰਾ ਪ੍ਰਬੰਧਿਤ ਗਊ-ਰੱਖਿਆ ਕਮਿਸ਼ਨ ਦੇ ਮੈਂਬਰ, ਧਰਮਵੀਰ ਗੁਸਾਈਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਵਿਆਹ 'ਇਤਰਾਜ਼ਯੋਗ' ਅਤੇ 'ਅਸਵੀਕਾਰਨਯੋਗ' ਸੀ।ਇੰਡੀਆ ਟੂਡੇ ਦੇ ਅਨੁਸਾਰ, ਹਿੰਦੂਤਵੀ ਸੰਗਠਨਾਂ ਨੇ ਸ਼ੁੱਕਰਵਾਰ (19 ਮਈ) ਨੂੰ ਪੌੜੀ ਦੇ ਝੰਡਾ ਚੌਕ ਵਿਖੇ ਭਾਜਪਾ ਨੇਤਾ ਬੇਨਮ ਦੀ ਧੀ ਦੇ ਮੁਸਲਮਾਨ ਨਾਲ ਵਿਆਹ ਦੇ ਵਿਰੋਧ ਵਿੱਚ ਪੁਤਲਾ ਸਾੜ ਕੇ ਵਿਰੋਧ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨ ਵਿੱਚ ਵੀਐਚਪੀ, ਭੈਰਵ ਸੈਨਾ ਅਤੇ ਬਜਰੰਗ ਦਲ ਵਰਗੀਆਂ ਜਥੇਬੰਦੀਆਂ ਨੇ ਹਿੱਸਾ ਲਿਆ।ਵੀਐਚਪੀ ਦੇ ਕਾਰਜਕਾਰੀ ਜ਼ਿਲ੍ਹਾ ਪ੍ਰਧਾਨ ਦੀਪਕ ਗੌੜ ਨੇ ਕਿਹਾ, "ਅਸੀਂ ਇਸ ਤਰ੍ਹਾਂ ਦੇ ਵਿਆਹ ਦਾ ਸਖ਼ਤ ਵਿਰੋਧ ਕਰਦੇ ਹਾਂ।

# ਜੂਨ 1984 ਘੱਲੂਘਾਰੇ ਦੀ 39ਵੀਂ ਵਰ੍ਹੇਗੰਢ ਤੋਂ ਪਹਿਲਾਂ ਪੁਲਿਸ ਵੱਲੋਂ ਸਿੱਖ ਨੌਜਵਾਨਾਂ ਦੀ ਪੁੱਛ-ਪੜਤਾਲ ਸ਼ੁਰੂ



ਅੰਮ੍ਰਿਤਸਰ: ਜੂਨ 1984 ਦੇ ਘੱਲੂਘਾਰੇ ਦੀ 39ਵੀਂ ਵਰ੍ਹੇਗੰਢ ਆਉਣ ਵਾਲੀ ਹੈ, ਘੱਲੂਘਾਰੇ ਦੇ ਜਖ਼ਮ ਅਜੇ ਸੁੱਕੇ ਨਹੀਂ ਹਨ। ਹਰ ਵਾਰ ਸਿੱਖਾਂ ਵਿੱਚ ਰੋਹ ਅਤੇ ਰੋਸ ਵੇਖਣ ਨੂੰ ਮਿਲਦਾ ਹੈ। ਇਸ ਵਾਰ ਫੇਰ ਜੂਨ ਮਹੀਨਾ ਚੜ੍ਹਨ ਤੋਂ ਪਹਿਲਾਂ ਹੀ ਪੁਲੀਸ ਨੇ ਅਣਖ਼ੀਲੇ ਅਤੇ ਪੰਥ ਦਰਦੀ ਸਿੱਖ ਨੌਜਵਾਨਾਂ ਦੇ ਘਰਾਂ ਵਿੱਚ ਦਸਤਕ ਦੇਣੀ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਦਹਿਸ਼ਤ ਦਾ ਮਾਹੌਲ ਸਿਰਜਿਆ ਜਾ ਸਕੇ। ਹਾਲਾਂਕਿ ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਅਤੇ ਉਸ ਦੀ ਜਥੇਬੰਦੀ ਦੇ ਸਿੰਘਾਂ ਉੱਤੇ ਹੋਈ ਕਾਰਵਾਈ ਕਾਰਨ ਪੰਜਾਬ ਭਰ ਵਿੱਚ ਅਨੇਕਾਂ ਸਿੱਖ ਨੌਜਵਾਨਾਂ ਦੇ ਘਰਾਂ 'ਚ ਛਾਪੇਮਾਰੀਆਂ ਅਤੇ ਗ੍ਰਿਫ਼ਤਾਰੀਆਂ ਹੋਈਆਂ ਸਨ ਤੇ ਪੁਲੀਸ ਛਾਪੇਮਾਰੀ ਕਰਕੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਕਈ ਦਿਨ ਰੂਪੋਸ਼ ਰਹੇ ਸਨ ਤੇ ਫਿਰ ਥਾਣਿਆਂ ਅਤੇ ਏਜੰਸੀਆਂ ਦੇ ਅਫ਼ਸਰਾਂ ਵੱਲੋਂ ਕੀਤੀ ਗਈ ਪੁੱਛਗਿੱਛ ਕਾਰਨ ਖੱਜਲ-ਖੁਆਰੀ ਝੱਲਣੀ ਪਈ ਤੇ ਹੁਣ ਬੀਤੇ ਕੱਲ੍ਹ ਫਿਰ ਭਾਈ ਭੁਪਿੰਦਰ ਸਿੰਘ ਛੇ ਜੂਨ ਦੇ ਮੁਹੱਲੇ ਗੁਰਬਖ਼ਸ਼ ਨਗਰ, ਝਬਾਲ ਰੋਡ, ਅੰਮ੍ਰਿਤਸਰ ਵਿਖੇ ਸਿਵਲ ਵਰਦੀ 'ਚ ਪੁਲਿਸ ਵੱਲੋਂ ਲੋਕਾਂ ਪਾਸੋਂ ਉਸ ਦੇ ਬਾਰੇ ਸੂਹ ਲਈ ਜਾ ਰਹੀ ਹੈ। ਫ਼ੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਪੁਲੀਸ ਅਫਸਰਾਂ ਨੇ ਉਹਨਾਂ ਨੂੰ ਬੁਲਾ ਕੇ ਤਿੰਨ-ਚਾਰ ਵਾਰ ਪੁੱਛਗਿੱਛ ਕੀਤੀ ਸੀ ਅਤੇ ਉਹਨਾਂ ਦੋਨਾਂ ਦੇ ਮੋਬਾਇਲ ਫੋਨ ਵੀ ਲੈ ਕੇ ਚੈੱਕ ਕੀਤੇ ਗਏ ਸਨ। ਖ਼ਾਲਿਸਤਾਨੀ ਚਿੰਤਕ ਅਤੇ ਪੰਥਕ ਲੇਖਕ ਭਾਈ ਸਰਬਜੀਤ ਸਿੰਘ ਘੁਮਾਣ ਕੋਲੋਂ ਵੀ ਘੱਲੂਘਾਰੇ ਕਰਕੇ ਪੁਲਿਸ ਵੱਲੋਂ ਪੁੱਛਿਆ ਗਿਆ ਹੈ ਅਤੇ ਕਈ ਹੋਰ ਨੌਜਵਾਨਾਂ ਨੂੰ ਥਾਣਿਆਂ ਵਿਚ ਸੱਦ ਕੇ ਜਾਂ ਉਹਨਾਂ ਦੇ ਘਰਾਂ ਵਿੱਚ ਜਾ ਕੇ ਪੁਲਿਸ ਵੱਲੋਂ ਪੁੱਛਗਿੱਛ ਹੋਣੀ ਸ਼ੁਰੂ ਹੋ ਗਈ ਹੈ ਤੇ ਉਹਨਾਂ ਕੋਲੋਂ ਘੱਲੂਘਾਰੇ ਦੇ ਪ੍ਰੋਗਰਾਮਾਂ ਤੇ ਹੋਰ ਸਰਗਰਮੀ ਬਾਰੇ ਪੁੱਛਿਆ ਜਾ ਰਿਹਾ ਹੈ। ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਆਪਣੇ ਫੇਸਬੁੱਕ ਖਾਤੇ ਉੱਤੇ ਲਿਖਿਆ ਹੈ ਕਿ ਮੈਨੂੰ ਹੁਣੇ ਪਤਾ ਲੱਗਾ ਕਿ ਕੱਲ੍ਹ ਕੁਝ ਲੋਕ ਆਪਣੇ ਆਪ ਨੂੰ ਪੁਲਿਸ ਵਾਲੇ ਆਖ ਕੇ ਮੇਰੇ ਬਾਰੇ ਬਹੁਤ ਬਰੀਕੀ ਨਾਲ ਪੁੱਛਗਿੱਛ ਕਰਕੇ ਗਏ ਹਨ ਅਤੇ ਪੁੱਛਗਿੱਛ ਚਾਰ ਵੱਖ-ਵੱਖ ਬੰਦਿਆਂ ਕੋਲੋਂ ਕੀਤੀ। ਉਹਨਾਂ ਲਿਖਿਆ ਕਿ ਕੀ ਕਾਰਨ ਹੋ ਸਕਦਾ ਪਤਾ ਨਹੀਂ ਅਤੇ ਇਹ ਲੋਕ ਬਿਨਾਂ ਵਰਦੀ ਤੋਂ ਸਨ। ਸੋਸ਼ਲ ਮੀਡੀਆ ਉੱਤੇ ਕੁਝ ਹੋਰ ਨੌਜਵਾਨਾਂ ਨੇ ਵੀ ਲਿਖਿਆ ਹੈ ਕਿ ਉਹਨਾਂ ਨੂੰ ਵੀ ਥਾਣਿਆਂ 'ਚ ਬੁਲਾਇਆ ਗਿਆ ਹੈ ਤੇ ਕਈਆਂ ਨੂੰ ਫੋਨ ਕਰਕੇ ਲੋਕੇਸ਼ਨ ਪੁੱਛੀ ਜਾ ਰਹੀ ਹੈ।

BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC



Jasbir Singh Badh

Charlesworth insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
ICBC autoplan
"For Fast, Friendly and Reliable Service!"



Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਚਾਰ ਲੱਖ ਮਹੀਨਾ ਕਮਾਉਣ ਵਾਲਾ ਵੱਡਾ ਰਈਸ ਨਿਕਲਿਆ

## ਆਰੀਅਨ ਖਾਨ ਨੂੰ ਗ੍ਰਿਫਤਾਰ ਕਰਨ ਵਾਲੇ ਅਫਸਰ ਖਿਲਾਫ ਵਿਜੀਲੈਂਸ ਦੀ ਰਿਪੋਰਟ ਦਾ ਭ੍ਰਿਸ਼ਟਾਚਾਰ ਵੱਲ ਇਸ਼ਾਰਾ

ਮੁੰਬਈ:ਅਭਿਨੇਤਾ ਸ਼ਾਹਰੁਖ ਖਾਨ ਦੇ ਬੇਟੇ ਆਰੀਅਨ ਖਾਨ ਨੂੰ ਡਰੱਗਜ਼ ਦੇ ਮਾਮਲੇ 'ਚ ਗ੍ਰਿਫਤਾਰ ਕਰਨ ਵਾਲੇ ਸਾਬਕਾ ਨਸ਼ਾ ਵਿਰੋਧੀ ਅਧਿਕਾਰੀ ਸਮੀਰ ਵਾਨਖੇੜੇ ਨੇ ਆਪਣੇ ਪਰਿਵਾਰ ਨਾਲ ਕਈ ਵਾਰ ਵਿਦੇਸ਼ ਯਾਤਰਾਵਾਂ ਕੀਤੀਆਂ ਸਨ ਅਤੇ ਉਹ ਆਪਣੀਂ ਆਮਦਨ ਤੋਂ ਕਿਤੇ ਜ਼ਿਆਦਾ ਜਾਇਦਾਦ ਦੇ ਮਾਲਕ ਹਨ। ਕੇਂਦਰੀ ਜਾਂਚ ਬਿਊਰੋ ਏਜੰਸੀ ਨੇ ਸਮੀਰ ਵਾਨਖੇੜੇ ਅਤੇ ਕੁਝ ਹੋਰਾਂ 'ਤੇ ਸ਼ਾਹਰੁਖ ਖਾਨ ਦੇ ਪਰਿਵਾਰ ਤੋਂ 25 ਕਰੋੜ ਰੁਪਏ ਦੀ ਮੰਗ ਕਰਨ ਦਾ ਦੋਸ਼ ਲਗਾਇਆ ਹੈ।ਉਸਨੇ ਸ਼ਾਹਰੁਖ ਖਾਨ ਦੇ ਪ੍ਰੀਵਾਰ ਨੂੰ ਧਮਕੀ ਦਿੱਤੀ ਸੀ ਕਿ ਨਹੀਂ ਤਾਂ ਉਹ ਆਰੀਅਨ ਖਾਨ ਨੂੰ ਕਥਿਤ ਨਸ਼ੀਲੇ ਪਦਾਰਥਾਂ ਦੇ ਮਾਮਲੇ ਵਿਚ ਫਸਾਉਣਗੇ।ਐਨਸੀਬੀ ਦੇ ਵਿਜੀਲੈਂਸ ਵਿਭਾਗ ਦੀ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਆਰਿਅਨ ਖਾਨ ਅਤੇ ਉਸ ਦੇ ਦੋਸਤ ਅਰਬਾਜ਼ ਮਰਚੈਂਟ ਦੇ ਨਾਂ ਆਖਰੀ ਸਮੇਂ 'ਤੇ ਸ਼ਾਮਲ ਕੀਤੇ ਗਏ ਸਨ ਅਤੇ ਕੁਝ ਹੋਰ ਸ਼ੱਕੀਆਂ ਦੇ ਨਾਂ ਹਟਾ ਦਿੱਤੇ ਗਏ ਸਨ। ਛਾਪੇਮਾਰੀ ਦੌਰਾਨ, ਇੱਕ ਸ਼ੱਕੀ ਤੋਂ ਰੋਲਿੰਗ ਪੇਪਰ ਬਰਾਮਦ ਹੋਣ ਦੇ ਬਾਵਜੂਦ, ਉਸ ਨੂੰ ਜਾਣ ਦਿੱਤਾ ਗਿਆ,ਰਿਹ ਰਿਪੋਰਟ ਵਿੱਚ ਕਿਹਾ ਗਿਆ ਹੈ।ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਪੰਜ ਸਾਲਾਂ ਵਿੱਚ - 2017 ਤੋਂ 2021 ਤੱਕ - ਸਮੀਰ ਵਾਨਖੇੜੇ ਨੇ ਆਪਣੇ ਪਰਿਵਾਰ ਨਾਲ ਛੇ ਵਿਦੇਸ਼ ਦੌਰੇ ਕੀਤੇ।ਯੂਕੇ, ਆਇਰਲੈਂਡ, ਪੁਰਤਗਾਲ, ਦੱਖਣੀ ਅਫਰੀਕਾ ਅਤੇ ਮਾਲਦੀਵ ਸ਼ਾਮਲ ਹਨ, ਜਿੱਥੇ ਉਹ 55 ਦਿਨ ਠਹਿਰੇ ਸਨ।ਪਰ ਉਸ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਸਿਰਫ 8.75 ਲੱਖ ਰੁਪਏ ਖਰਚ ਕੀਤੇ, ਇੰਨੀ ਰਕਮ ਤਾਂ ਹਵਾਈ ਜਹਾਜ਼ ਦੀਆਂ ਟਿਕਟਾਂ ਦੇ ਖਰਚੇ ਨੂੰ ਵੀ ਪੂਰਾ ਨਹੀਂ ਕਰਦੀ।ਰਹੱਸ ਬਣਿਆ ਹੋਇਆ ਹੈ ਕੌਣ ਉਸਦੇ ਇਹ ਖਰਚੇ ਚੁੱਕਦਾ ਸੀ।ਰਿਪੋਰਟ ਵਿੱਚ ਸਮੀਰ ਵਾਨਖੇੜੇ ਦੀਆਂ ਕਈ ਮਹਿੰਗੀਆਂ ਘੜੀਆਂ ਅਤੇ ਹੋਰ ਜਾਇਦਾਦਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ ਜੋ ਉਸ ਦੀ ਆਮਦਨ ਤੋਂ ਕਿਤੇ ਵੱਧ ਕੀਮਤ ਦੀਆਂ ਹਨ।ਉਸ ਕੋਲ ਮੁੰਬਈ ਵਿੱਚ ਚਾਰ ਫਲੈਟ ਅਤੇ ਮਹਾਰਾਸ਼ਟਰ ਦੇ ਵਾਸ਼ਿਮ ਜਿਲੇ ਵਿੱਚ 416,88 (41 ਹਜ਼ਾਰ) ਏਕੜ ਜ਼ਮੀਨ ਹੈ।




ਏਜੰਸੀ ਨੇ ਪਤਾ ਲਗਾਇਆ ਸਮੀਰ ਵਾਨਖੇੜੇ ਨੇ ਗੋਰੇਗਾਂਵ ਵਿੱਚ 2.45 ਕਰੋੜ ਰੁਪਏ ਦੀ ਕੀਮਤ ਵਾਲੇ ਪੰਜਵੇਂ ਫਲੈਟ 'ਤੇ 82.8 ਲੱਖ ਰੁਪਏ ਹੀ ਅਦਾ ਕੀਤੇ ਸਨ ਬਾਕੀ ਪ੍ਰਬੰਧ ਕਿਸਨੇ ਕੀਤੇ?ਵਿਆਹ ਤੋਂ ਪਹਿਲਾਂ ਉਨ੍ਹਾਂ ਅਤੇ ਉਨ੍ਹਾਂ ਦੀ ਪਤਨੀ ਦੁਆਰਾ 1.25 ਕਰੋੜ ਰੁਪਏ ਵਿੱਚ ਖਰੀਦੇ ਗਏ ਇੱਕ ਫਲੈਟ ਦਾ ਵੀ ਜ਼ਿਕਰ ਹੈ।ਖਰੀਦ ਲਈ ਦਿੱਤੇ ਪੈਸੇ ਦਾ ਸਰੋਤ ਇੱਕ ਰਹੱਸ ਬਣਿਆ ਹੋਇਆ ਹੈ।ਸ਼੍ਰੀਮਾਨ ਵਾਨਖੇੜੇ ਅਤੇ ਉਨ੍ਹਾਂ ਦੀ ਪਤਨੀ ਦੇ ਇਨਕਮ ਟੈਕਸ ਰਿਟਰਨ ਦਰਸਾਉਂਦੇ ਹਨ ਕਿ ਉਨ੍ਹਾਂ ਦੀ ਸਾਲਾਨਾ ਆਮਦਨ 45,61,460 ( 45 ਲੱਖ ਰੁਪਏ ) ਹੈ। ਇਸ ਨਾਲ ਉਹ ਆਪਣੀਂ ਵੱਡੀ ਜਾਇਦਾਦ ਫਲੈਟ ਤੇ ਆਪਣੇ ਵਿਦੇਸ਼ੀ ਦੌਰਿਆਂ ਅਤੇ ਹੋਰ ਸੰਪਤੀਆਂ ਨੂੰ ਖਰੀਦ ਨਹੀਂ ਸਕਦਾ।

# ਅਡਾਨੀ ਦੀਆਂ ਛੇ ਕੰਪਨੀਆਂ ਦੀ ਚੱਲ ਰਹੀ ਹੈ ਜਾਂਚ

ਦਿੱਲੀ:ਹਿੰਡਨਬਰਗ ਦੀ ਰਿਪੋਰਟ ਤੋਂ ਬਾਅਦ, ਅਡਾਨੀ ਸਮੂਹ 'ਤੇ ਸਟਾਕ ਹੇਰਾਫੇਰੀ ਅਤੇ ਲੇਖਾ ਧੋਖਾਧੜੀ ਦੇ ਦੋਸ਼ਾਂ ਦੀ ਜਾਂਚ ਲਈ ਸੁਪਰੀਮ ਕੋਰਟ ਦੁਆਰਾ ਨਿਯੁਕਤ ਮਾਹਰ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਅਡਾਨੀ ਦੇ ਸ਼ੇਅਰਾਂ ਵਿੱਚ ਸ਼ੱਕੀ ਵਪਾਰ ਲਈ ਛੇ ਕੰਪਨੀਆਂ ਦੀ ਜਾਂਚ ਚੱਲ ਰਹੀ ਹੈ। ਇੰਡੀਅਨ ਐਕਸਪ੍ਰੈਸ ਦੇ ਅਨੁਸਾਰ, ਕਮੇਟੀ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 24 ਜਨਵਰੀ ਨੂੰ ਹਿੰਡਨਬਰਗ ਦੀ ਰਿਪੋਰਟ ਦੇ ਜਾਰੀ ਹੋਣ ਤੋਂ ਪਹਿਲਾਂ ਅਡਾਨੀ ਦੇ ਸ਼ੇਅਰਾਂ (ਨਵੇਂ ਸ਼ੇਅਰ ਬਣਾਉਣਾ ਅਤੇ ਉਹਨਾਂ ਨੂੰ ਮੌਜੂਦਾ ਸ਼ੇਅਰਧਾਰਕਾਂ ਨੂੰ ਅਲਾਟ ਕਰਨਾ) ਵਿੱਚ ਛੋਟੀਆਂ ਪੁਜ਼ੀਸ਼ਨਾਂ ਬਣਾਈਆਂ ਗਈਆਂ ਸਨ, ਅਤੇ ਉਸ ਤੋਂ ਬਾਅਦ ਸ਼ੇਅਰਾਂ ਵਿੱਚ ਗਿਰਾਵਟ ਦੇ ਰੂਪ ਵਿੱਚ ਢੁਕਵਾਂ ਮੁਨਾਫਾ ਹੋਇਆ ਸੀ। ਜਿਵੇਂ ਹੀ ਇਹ ਪਹੁੰਚਿਆ। ਇੱਕ 'ਛੋਟੀ' ਸਥਿਤੀ ਆਮ ਤੌਰ 'ਤੇ ਇੱਕ ਸਟਾਕ ਦੀ ਵਿਕਰੀ ਹੁੰਦੀ ਹੈ ਜੋ ਕਿਸੇ ਵਿਅਕਤੀ/ਹਸਤੀ ਕੋਲ ਨਹੀਂ ਹੁੰਦੀ ਹੈ। ਘੱਟ ਵਿਕਰੀ ਕਰਨ ਵਾਲੇ ਨਿਵੇਸ਼ਕਾਂ ਦਾ ਮੰਨਣਾ ਹੈ ਕਿ ਸ਼ੇਅਰਾਂ ਦੀ ਕੀਮਤ ਡਿੱਗ ਜਾਵੇਗੀ।ਜੇਕਰ ਕੀਮਤ ਡਿੱਗਦੀ ਹੈ, ਤਾਂ ਉਹ ਘੱਟ ਕੀਮਤ 'ਤੇ ਸ਼ੇਅਰ ਖਰੀਦ ਸਕਦੇ ਹਨ ਅਤੇ ਮੁਨਾਫਾ ਕਮਾ ਸਕਦੇ ਹਨ।

# ਬਿਹਾਰ ਸਰਕਾਰ ਵੱਲੋਂ ਕਰਵਾਈ ਜਾ ਰਹੀ ਜਾਤੀ ਅਧਾਰਤ ਜਨ ਗਣਨਾ 'ਤੇ ਲੱਗੀ ਰੋਕ

ਦਿੱਲੀ:-ਸੁਪਰੀਮ ਕੋਰਟ ਨੇ ਬਿਹਾਰ ਦੀ ਨਿਤੀਸ਼ ਕੁਮਾਰ ਸਰਕਾਰ ਵੱਲੋਂ ਜਾਤੀ ਆਧਾਰਿਤ ਜਨਗਣਨਾ 'ਤੇ ਪਟਨਾ ਹਾਈਕੋਰਟ ਵੱਲੋਂ ਲਗਾਈ ਗਈ ਰੋਕ ਨੂੰ ਹਟਾਉਣ ਤੋਂ ਇਨਕਾਰ ਕਰ ਦਿੱਤਾ ਹੈ।ਬਾਰ ਅਤੇ ਬੈਂਚ ਅਨੁਸਾਰ ਸੁਪਰੀਮ ਕੋਰਟ ਦੀ ਬੈਂਚ ਨੇ ਕਿਹਾ ਕਿ ਹਾਈ ਕੋਰਟ ਦਾ ਹੁਕਮ ਅੰਤਰਿਮ ਹੁਕਮ ਹੈ ਅਤੇ 3 ਜੁਲਾਈ ਨੂੰ ਇਸ ਮਾਮਲੇ ਦੀ ਅੰਤਿਮ ਸੁਣਵਾਈ ਹੋਣੀ ਹੈ। ਜੇ ਹਾਈਕੋਰਟ 3 ਜੁਲਾਈ ਨੂੰ ਇਸ ਮਾਮਲੇ 'ਤੇ ਸੁਣਵਾਈ ਨਹੀਂ ਕਰਦਾ ਤਾਂ ਸੁਪਰੀਮ ਕੋਰਟ ਨੇ 14 ਜੁਲਾਈ ਨੂੰ ਮਾਮਲੇ ਦੀ ਸੁਣਵਾਈ ਕਰਨ ਲਈ ਹਾਮੀ ਭਰ ਦਿੱਤੀ ਹੈ।ਜ਼ਿਕਰਯੋਗ ਹੈ ਕਿ 4 ਮਈ ਨੂੰ ਪਟਨਾ ਹਾਈ ਕੋਰਟ ਨੇ ਬਿਹਾਰ ਸਰਕਾਰ ਨੂੰ ਜਾਤੀ ਆਧਾਰਿਤ ਸਰਵੇਖਣ ਨੂੰ ਤੁਰੰਤ ਬੰਦ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਿਹਾ ਸੀ ਕਿ ਅੰਤਿਮ ਹੁਕਮ ਜਾਰੀ ਹੋਣ ਤੱਕ ਪਹਿਲਾਂ ਤੋਂ ਇਕੱਠੇ ਕੀਤੇ ਗਏ ਅੰਕੜਿਆਂ ਨੂੰ ਕਿਸੇ ਨਾਲ ਸਾਂਝਾ ਨਾ ਕੀਤਾ ਜਾਵੇ।

# ਮਨੀਪੁਰ ਦੇ ਭਾਜਪਾ ਵਿਧਾਇਕ ਵੱਖਰੇ ਰਾਜ ਦੀ ਮੰਗ ਕਰਨ ਲੱਗੇ

ਇੰਫਾਲ:ਮਨੀਪੁਰ ਦੇ ਚਿਨ-ਕੁਕੀ-ਮਿਜ਼ੋ-ਜ਼ੋਮੀ-ਹਮਰ ਭਾਈਚਾਰਿਆਂ ਦੇ 10 ਵਿਧਾਇਕਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਦਿੱਤੇ ਇੱਕ ਮੰਗ ਪੱਤਰ ਵਿੱਚ ਕਿਹਾ ਹੈ ਕਿ ਹਿੰਸਾ ਤੋਂ ਬਾਅਦ ਉਨ੍ਹਾਂ ਦੇ ਲੋਕਾਂ ਦਾ ਭਾਜਪਾ ਦੀ ਅਗਵਾਈ ਵਾਲੀ ਸੂਬਾ ਸਰਕਾਰ ਤੋਂ 'ਵਿਸ਼ਵਾਸ' ਉੱਠ ਗਿਆ ਹੈ। ਇਨ੍ਹਾਂ ਵਿਧਾਇਕਾਂ ਵਿੱਚ ਭਾਜਪਾ ਦੇ ਸੱਤ ਵਿਧਾਇਕ ਸ਼ਾਮਲ ਹਨ।ਦਿ ਟੈਲੀਗ੍ਰਾਫ ਮੁਤਾਬਕ ਉਨ੍ਹਾਂ ਨੇ ਇਕ ਵਾਰ ਫਿਰ ਤੋਂ ਭਾਰਤ ਤੋਂ ਵੱਖਰੇ ਪ੍ਰਸ਼ਾਸਨ ਦੀ ਮੰਗ ਨੂੰ ਦੁਹਰਾਇਆ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਹਿੰਸਾ ਸ਼ੁਰੂ ਹੋਣ ਤੋਂ ਬਾਅਦ ਕਿਸੇ ਵੀ ਕੇਂਦਰੀ ਮੰਤਰੀ ਨੇ ਸੂਬੇ ਦਾ ਦੌਰਾ ਨਹੀਂ ਕੀਤਾ ਹੈ।ਇਸ ਦੇ ਨਾਲ ਹੀ ਕਾਂਗਰਸ ਨੇ ਹਿੰਸਾ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪ 'ਤੇ ਸਵਾਲ ਖੜ੍ਹੇ ਕੀਤੇ ਹਨ। ਕਾਂਗਰਸ ਦੇ ਸੰਚਾਰ ਮੁਖੀ ਜੈਰਾਮ ਰਮੇਸ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਸ਼ਾਂਤੀ ਦੀ ਅਪੀਲ ਕਰਦੇ ਹੋਏ ਇਕ ਵੀ ਸ਼ਬਦ ਨਹੀਂ ਕਿਹਾ ਹੈ। ਕੇਂਦਰੀ ਗ੍ਰਹਿ ਮੰਤਰੀ ਜਾਂ ਕਿਸੇ ਹੋਰ ਕੈਬਨਿਟ ਮੰਤਰੀ ਨੇ ਇੱਕ ਵਾਰ ਵੀ ਸੂਬੇ ਦਾ ਦੌਰਾ ਨਹੀਂ ਕੀਤਾ।

GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜ਼ਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਜਨਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
ICCRC CRCIC

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਭਾਰਤ ਵਿਚ 2000 ਦਾ ਨੋਟ ਹੋ ਗਿਆ ਬੰਦ:ਹੁਣ ਤੁਸੀਂ ਕੀ ਕਰ ਸਕਦੇ ਹੋ?

ਨਵੀਂ ਦਿੱਲੀ:-ਭਾਰਤੀ ਰਿਜ਼ਰਵ ਬੈਂਕ ਨੇ ਐਲਾਨ ਕੀਤਾ ਹੈ ਕਿ 2000 ਰੁਪਏ ਦੇ ਨੋਟ ਵਾਪਸ ਲਏ ਜਾਣਗੇ। ਹਾਲਾਂਕਿ, ਇਹ ਨੋਟ ਹਾਲੇ ਬਾਜ਼ਾਰ ਵਿੱਚ ਚੱਲਦੇ ਰਹਿਣਗੇ।ਭਾਰਤੀ ਰਿਜ਼ਰਵ ਬੈਂਕ ਨੇ ਸਾਰੇ ਬੈਂਕਾਂ ਨੂੰ ਤੁਰੰਤ 2000 ਰੁਪਏ ਦੇ ਨੋਟ ਜਾਰੀ ਕਰਨੇ ਬੰਦ ਕਰਨ ਲਈ ਵੀ ਕਿਹਾ ਹੈ।ਇਹ ਫੈਸਲਾ 'ਕਲੀਨ ਨੋਟ ਪਾਲਿਸੀ' ਤਹਿਤ ਲਿਆ ਗਿਆ ਹੈ।ਆਰਬੀਆਈ ਨੇ ਕਿਹਾ ਹੈ ਕਿ ਲੋਕ 2000 ਦਾ ਨੋਟ ਆਪਣੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾ ਸਕਦੇ ਹਨ ਜਾਂ ਕਿਸੇ ਵੀ ਬੈਂਕ ਸ਼ਾਖਾ ਵਿੱਚ ਉਸ ਨੋਟ ਨੂੰ ਬਦਲ ਸਕਦੇ ਹਨ।ਆਰਬੀਆਈ ਨੇ ਕਿਹਾ ਹੈ ਕਿ 23 ਮਈ ਤੋਂ 30 ਸਤੰਬਰ ਤੱਕ ਨੋਟ ਬਦਲਵਾਏ ਜਾਂ ਜਮ੍ਹਾਂ ਕਰਵਾਏ ਜਾ ਸਕਦੇ ਹਨ।ਬੈਂਕਾਂ ਤੋਂ ਇੱਕ ਵਾਰ ਵਿੱਚ 20,000 ਰੁਪਏ ਤੱਕ ਬਦਲੇ ਜਾ ਸਕਦੇ ਹਨ।ਇਸ ਬਾਰੇ ਬੈਂਕਾਂ ਨੂੰ ਵੀ ਵੱਖਰੇ ਤੌਰ 'ਤੇ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।ਨੋਟ ਬਦਲਣ ਲਈ ਕੋਈ ਫੀਸ ਨਹੀਂ ਲਈ ਜਾਵੇਗੀ।ਦੋ ਹਜ਼ਾਰ ਰੁਪਏ ਦਾ ਨੋਟ ਸਾਲ 2016 ਵਿੱਚ ਸ਼ੁਰੂ ਕੀਤਾ ਗਿਆ ਸੀ।ਇਹ ਨੋਟ 500 ਅਤੇ 1000 ਰੁਪਏ ਦੇ ਨੋਟ ਬੰਦ ਕੀਤੇ ਜਾਣ ਦੇ ਬਾਅਦ ਅਰਥ ਵਿਵਸਥਾ ਵਿੱਚ ਮੁਦਰਾ ਦੀ ਕਮੀ ਨੂੰ ਪੂਰਾ ਕਰਨ ਲਈ ਸ਼ੁਰੂ ਕੀਤਾ ਗਿਆ ਸੀ।ਇਹਨਾਂ ਨੋਟਾਂ ਦੀ ਛਪਾਈ ਸਾਲ 2018-19 ਵਿੱਚ ਬੰਦ ਕਰ ਦਿੱਤੀ ਗਈ ਸੀ।ਆਰਬੀਆਈ ਨੇ ਕਿਹਾ ਹੈ ਕਿ 89 ਫੀਸਦੀ 2000 ਰੁਪਏ ਦੇ ਨੋਟ ਮਾਰਚ 2017 ਤੋਂ ਪਹਿਲਾਂ ਜਾਰੀ ਕਰ ਦਿੱਤੇ ਗਏ ਸਨ।ਇਹਨਾਂ ਦੀ ਉਮਰ 4-5 ਸਾਲ ਸੀ। ਇਸ ਸਮੇਂ 3.62 ਲੱਖ ਕਰੋੜ ਦੀ ਕੀਮਤ ਦੇ ਨੋਟ ਮਾਰਕਿਟ ਵਿੱਚ ਹਨ।ਆਰਬੀਆਈ ਮੁਤਾਬਕ ਇਹ ਨੋਟ ਆਮ ਤੌਰ 'ਤੇ ਲੈਣ ਦੇਣ ਲਈ ਵਰਤੇ ਨਹੀਂ ਜਾ ਰਹੇ ਹਨ।ਹਾਲਾਂਕਿ ਇਸ ਬਾਰੇ ਹਾਲੇ ਕੁਝ ਨਹੀਂ ਦੱਸਿਆ ਗਿਆ ਕਿ 30 ਸਤੰਬਰ ਤੋਂ ਬਾਅਦ ਇਹਨਾਂ ਨੋਟਾਂ ਦਾ ਕੀ ਹੋਵੇਗਾ।ਲੋਕਾਂ ਦੀ ਇਸ ਬਾਰੇ ਉਤਸੁਕਤਾ ਨੂੰ ਦੇਖਦੇ ਹੋਏ ਉਮੀਦ ਕੀਤੀ ਜਾ ਰਹੀ ਹੈ ਕਿ ਆਰਬੀਆਈ ਇਸ ਬਾਰੇ ਕੁਝ ਜ਼ਰੂਰ ਸਾਫ ਕਰੇਗਾ।

## ਨੋਟਾਂ ਦੀ ਬਦਲੀ ਸ਼ੁਰੂ ਹੋਣ 'ਤੇ ਦਿੱਲੀ ਭਰ ਦੇ ਬੈਂਕਾਂ 'ਚ ਲੱਗੀਆਂ ਲੰਬੀਆਂ ਕਤਾਰਾਂ

2,000 ਰੁਪਏ ਦੇ ਕਰੰਸੀ ਨੋਟਾਂ ਨੂੰ ਬਦਲਣ ਦੀ ਪ੍ਰਕਿਰਿਆ ਸ਼ੁਰੂ ਹੋਣ ਦੇ ਨਾਲ ਹੀ ਦਿੱਲੀ ਦੀਆਂ ਵੱਖ-ਵੱਖ ਬੈਂਕਾਂ ਦੀਆਂ ਸ਼ਾਖਾਵਾਂ 'ਤੇ ਲੰਬੀਆਂ ਕਤਾਰਾਂ ਦੇਖੀਆਂ ਗਈਆਂ ਕਿਉਂਕਿ ਗਾਹਕਾਂ ਨੇ ਬੇਸਬਰੀ ਨਾਲ ਛੋਟੇ ਮੁੱਲਾਂ




ਦੇ ਕਰੰਸੀ ਨੋਟ ਬਦਲੇ। ਹਾਲਾਂਕਿ, ਕੁਝ ਥਾਵਾਂ 'ਤੇ ਲੋਕਾਂ ਨੇ ਦੋਸ਼ ਲਗਾਇਆ ਕਿ ਬੈਂਕ ਉਨ੍ਹਾਂ ਨੂੰ ਪੈਸੇ ਜਮ੍ਹਾ ਕਰਵਾਉਣ ਲਈ ਕਹਿ ਰਹੇ ਹਨ ਅਤੇ ਆਈਡੀ ਪਰੂਫ ਦੀ ਵੀ ਮੰਗ ਕਰ ਰਹੇ ਹਨ। ਆਈਸੀਆਈਸੀਆਈ ਬੈਂਕ ਦੀ ਸ਼ਾਖਾ ਵਿੱਚ ਲੰਬੀ ਕਤਾਰ ਵਿੱਚ ਖੜ੍ਹੇ ਅਮਰ ਸਿੰਘ ਨੇ ਦੱਸਿਆ ਕਿ ਇੱਥੇ ਸਵੇਰ ਤੋਂ ਹੀ ਲਾਈਨਾਂ ਲੱਗੀਆਂ ਹੋਈਆਂ ਹਨ ਅਤੇ ਹਫੜਾ-ਦਫੜੀ ਅਤੇ ਭੰਬਲਭੂਸੇ ਦਾ ਮਾਹੌਲ ਹੈ ਕਿਉਂਕਿ ਬੈਂਕ ਕਰਮਚਾਰੀ ਨੋਟ ਬਦਲਣ ਤੋਂ ਇਨਕਾਰ ਕਰ ਰਹੇ ਹਨ ਅਤੇ ਜਮ੍ਹਾਂ ਕਰਵਾਉਣ ਲਈ ਕਹਿ ਰਹੇ ਹਨ।"ਸਾਡੇ ਵਿੱਚੋਂ ਬਹੁਤੇ ਲੋਕ ਨੋਟ ਬਦਲਣਾ ਚਾਹੁੰਦੇ ਹਨ ਅਤੇ ਜੇਕਰ ਬੈਂਕ ਅਜਿਹਾ ਨਹੀਂ ਕਰ ਪਾਉਂਦੇ ਹਨ, ਤਾਂ ਇਹ ਉਨ੍ਹਾਂ ਦੀ ਗਲਤੀ ਹੈ ਜੇਕਰ ਉਨ੍ਹਾਂ ਨੇ 2,000 ਰੁਪਏ ਦੀ ਕਰੰਸੀ ਨੂੰ ਬਦਲਣ ਲਈ ਉਚਿਤ ਪ੍ਰਬੰਧ ਨਹੀਂ ਕੀਤੇ ਹਨ। ਅਸੀਂ ਉਨ੍ਹਾਂ ਨੂੰ ਜਮ੍ਹਾ ਕਿਉਂ ਕਰੀਏ," ਉਸਨੇ ਕਿਹਾ।"ਮੇਰੀ ਪਤਨੀ ਨੇ 16000 ਰੁਪਏ ਬਚਾਏ ਸਨ ਅਤੇ ਇਹ ਸਾਰੇ 2000 ਰੁਪਏ ਦੇ ਨੋਟ ਹਨ," ਉਸਨੇ ਅੱਗੇ ਕਿਹਾ।ਕੁਝ ਬੈਂਕਾਂ ਵਿੱਚ, ਬੈਂਕ ਗਾਹਕਾਂ ਅਤੇ ਸਟਾਫ਼ ਵਿਚਕਾਰ ਬਹਿਸ ਵੀ ਹੋਈ।


**SUPER SANDHU**

**ਕਲਾਸ 4 ਡਰਾਈਵਰਾਂ ਦੀ ਲੋੜ**

ਸਾਨੂੰ ਐਬਟਸਫੋਰਡ ਅਤੇ ਸਰੀ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711

**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

- CANADIAN VISA & SUPER VISA*
- SPOUSAL SPONSORSHIP*
- STUDY- WORK PERMIT & LMIA*
- CIC REFUSAL APPEAL CASES*
- PR & CITIZENSHIP APPLICATION*
- INDIAN VISA-NAME CHANGE APPLICATION
- PCC-OCI-RTI APPLICATIONS
- IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY

**THANDI AUTO CARE CENTRE LTD**

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

## (ਮੁੱਖ ਪੰਨੇ ਦੀ ਬਾਕੀ)

ਸਾਨੂੰ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਲਈ ਇਕਮੁੱਠ ਹੋਣ ਦੀ ਲੋੜ ਹੈ ਸੰਘਰਸ਼ ਵਿਚ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ ਪਰ ਕੌਮ ਦੀ ਆਜ਼ਾਦੀ ਲਈ ਕੌਮੀ ਸੂਰਮਿਆਂ ਵੱਲੋਂ ਸ਼ੁਰੂ ਕੀਤੇ ਗਏ ਸੰਘਰਸ਼ ਕਦੇ ਖ਼ਤਮ ਨਹੀਂ ਹੁੰਦੇ। ਸਾਡਾ ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਕਦੀ ਵੀ ਕਿਸੇ ਵੀ ਹਕੂਮਤ ਦੀ ਈਨ ਨਹੀਂ ਮੰਨੀ, ਭਾਈ ਪਰਮਜੀਤ ਸਿੰਘ ਪੰਜਵੜ ਵੱਲੋਂ ਕੌਮ ਦੀ ਆਜ਼ਾਦੀ ਅਤੇ ਨਿਆਂ ਲਈ ਦਿੱਤੀ ਗਈ ਕੁਰਬਾਨੀ ਅਜਾਈਂ ਨਹੀਂ ਜਾਵੇਗੀ ਅਤੇ ਕੌਮੀ ਘਰ ਖਾਲਸਾ ਰਾਜ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਰਹੇਗਾ। ਭਾਈ ਹਰਦੀਪ ਸਿੰਘ ਨਿੱਝਰ ਨੇ ਆਪਣੇ ਜੋਸ਼ੀਲੇ ਬੋਲਾਂ ਨਾਲ ਵੱਖ ਵੱਖ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਭੇਜੇ ਗਏ ਸੰਦੇਸ਼ਾਂ ਨੂੰ ਪੜ ਕੇ ਸਿੱਖ ਸੰਗਤਾਂ ਨੂੰ ਸਰਵਣ ਕਰਵਾਇਆ ਅਤੇ ਸਿੱਖ ਸੰਗਤਾਂ ਨੇ ਸੰਘਰਸ਼ਸ਼ੀਲ ਯੋਧਿਆਂ ਦੇ ਸੰਦੇਸ਼ਾਂ ਨੂੰ ਖਾਲਿਸਤਾਨ ਜਿੰਦਾਬਾਦ ਦੇ ਜੈਕਾਰੇ ਲਗਾ ਕੇ ਚੜ੍ਹਦੀਕਲਾ ਨਾਲ ਸਵਾਗਤ ਕੀਤਾ। ਉਥੇ ਕੌਮੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਭੇਜੇ ਗਏ ਸੰਦੇਸ਼ ਵਿਚ ਭਾਈ ਪਰਮਜੀਤ ਸਿੰਘ ਪੰਜਵੜ ਵਲੋਂ ਕੌਮ ਲਈ ਕੀਤੀ ਗਈ ਕੁਰਬਾਨੀ ਨੂੰ ਕੌਮ ਰਹਿੰਦੀ ਦੁਨੀਆਂ ਤਕ ਯਾਦ ਕਰੇਗੀ ਉੱਥੇ ਪੰਥਕ ਏਕਤਾ ਲਈ ਇਕ ਨਿਸ਼ਾਨ ਸਾਹਿਬ ਥੱਲੇ ਇਕੱਤਰ ਹੋਣ ਲਈ ਸੁਨੇਹਾ ਦਿੱਤਾ ਗਿਆ ਕਿ ਹਰ ਸਿੱਖ ਰੋਜ਼ਾਨਾ ਵਾਹਿਗੁਰੂ ਦੇ ਚਰਨਾ ਵਿਚ ਪੰਥਕ ਏਕਤਾ ਅਤੇ ਕੌਮੀ ਅਜ਼ਾਦੀ ਲਈ ਜੂਝ ਰਹੇ ਸੂਰਮਿਆਂ ਦੀ ਚੜਦੀ ਕਲਾ ਲਈ ਅਰਦਾਸ ਕਰੇ।

ਭਾਈ ਹਰਦੀਪ ਸਿੰਘ ਨਿੱਝਰ ਨੇ ਬੋਲਦਿਆਂ ਕਿਹਾ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ, ਭਾਈ ਪਰਮਜੀਤ ਸਿੰਘ ਪੰਜਵੜ ਵਰਗੇ ਸ਼ਹੀਦਾਂ ਦੀ ਸ਼ਹਾਦਤ ਸਾਡੇ ਲਈ ਪ੍ਰੇਰਨਾ ਸਰੋਤ ਹੋਵੇਗੀ। ਭਾਈ ਪਰਮਜੀਤ ਸਿੰਘ ਪੰਜਵੜ ਉਹਨਾਂ ਚੋਟੀ ਦੇ ਜੁਝਾਰੂ ਸਿੰਘਾਂ ਵਿਚੋਂ ਇਕ ਸਨ ਜੋ ਕੌਮ ਦੀ ਅਜ਼ਾਦੀ ਨਿਆਂ ਅਤੇ ਬਰਾਬਰੀ ਲਈ ਆਪੋ ਆਪਣੀਆਂ ਜਥੇਬੰਦੀਆਂ ਦੀ ਅਗਵਾਈ ਕਰਦੇ ਰਹੇ ਸਨ। ਜਿਨ੍ਹਾਂ ਸਿੰਘਾਂ ਸੂਰਮਿਆਂ ਨੇ ਆਪਣੇ ਪਰਿਵਾਰ, ਘਰ-ਬਾਰ ਸਭ ਕੁੱਝ ਤਿਆਗ ਅਤੇ ਉਜਾੜ ਕੇ ਕੌਮੀ ਘਰ ਖਾਲਸਾ ਰਾਜ ਖਾਲਿਸਤਾਨ ਦੀ ਪ੍ਰਾਪਤੀ ਲਈ ਸਿਰ ਤੇ ਕੱਫਣ ਬੰਨ੍ਹ ਕੇ ਕੌਮ ਦੀ ਅਜ਼ਾਦੀ,ਹੱਕ-ਇਨਸਾਫ਼ ਲਈ ਲੜਦੇ ਰਹੇ ਹਨ। ਭਾਈ ਪਰਮਜੀਤ ਸਿੰਘ ਪੰਜਵੜ ਵਰਗੇ ਚੋਟੀ ਦੇ ਸਿੰਘਾਂ ਦੇ ਨਾਮ ਵਿੱਚ ਹੀ ਇੰਨੀ ਬਰਕਤ, ਰੋਅਬ ਅਤੇ ਦਹਿਸ਼ਤ ਸੀ ਕਿ ਭਾਰਤੀ ਹਕੂਮਤ, ਏਜੰਸੀਆਂ ਅਤੇ ਪੁਲਿਸ ਵਾਲੇ ਉਹਨਾਂ ਦੇ ਨਾਮ ਤੋਂ ਹੀ ਥਰ-ਥਰ ਕੰਬਦੇ ਸਨ। ਮਤਲਬ ਉਹ ਇੱਕ ਇਹੋ ਜਿਹਾ ਸੁਨਿਹਰੀ ਸਮਾਂ ਸੀ ਕਿ ਜਦੋਂ ਜੁਝਾਰੂ ਸਿੰਘਾਂ ਦਾ ਪੰਜਾਬ ਦੇ ਵਿੱਚ ਰਾਜ ਹੁੰਦਾ ਸੀ, ਜਦੋਂ ਪੰਜਾਬ ਦੇ ਲੋਕ ਆਪਣੇ ਘਰਾਂ ਦੇ ਦਰਵਾਜ਼ੇ ਖੁੱਲ੍ਹੇ ਰੱਖ ਕੇ ਜੁਝਾਰੂ ਸਿੰਘਾਂ ਦੀ ਸੇਵਾ ਅਤੇ ਦਰਸ਼ਨ ਕਰਨ ਲਈ ਉਡੀਕ ਵਿਚ ਅਰਦਾਸਾਂ ਕਰਦੇ ਸਨ। ਇਹਨਾ ਜੁਝਾਰੂ ਸਿੰਘਾਂ ਦੇ ਵਿਚਾਰ ਅਤੇ ਕਿਰਦਾਰ ਇੰਨੇ ਉੱਚੇ- ਸੁੱਚੇ ਅਤੇ ਪਵਿੱਤਰ ਸਨ ਕਿ ਲੋਕ ਆਪਣੇ ਘਰੇਲੂ ਲੜਾਈ ਝਗੜਿਆਂ ਦੇ ਫ਼ੈਸਲੇ ਵੀ ਇਨ੍ਹਾਂ ਚੋਟੀ ਦੇ ਜੁਝਾਰੂ ਸਿੰਘਾਂ ਦੀ ਕਚਹਿਰੀ ਅਤੇ ਅਗਵਾਈ ਵਿਚ ਕਰਦੇ ਰਹੇ ਸਨ। ਲੋਕ ਸਿੱਖ ਸੰਘਰਸ਼ ਦੀ ਲਹਿਰ ਨੂੰ ਦਿਲੋਂ ਪਿਆਰ ਅਤੇ ਸਤਿਕਾਰ ਕਰਦੇ ਸਨ, ਜਦੋਂ ਕਿਤੇ ਜੁਝਾਰੂ ਸਿੰਘ ਨੂੰ ਪੁਲਿਸ ਨੇ ਫੜ੍ਹ ਲੈਣਾ ਜਾਂ ਜੇਲ੍ਹ ਵਿਚ ਭੇਜ ਦੇਣਾ ਤੇ ਸਿੱਖ ਸੰਗਤ ਇਨ੍ਹਾਂ ਜੁਝਾਰੂ ਸਿੰਘਾਂ ਦੀ ਰਿਹਾਈ ਅਤੇ ਚੜ੍ਹਦੀ ਕਲਾ ਲਈ ਸੁਖਮਨੀ ਸਾਹਿਬ ਜੀ ਦੇ ਪਾਠ ਕਰਨੇ, ਜੇਕਰ ਕੋਈ ਜੁਝਾਰੂ ਸਿੰਘ ਦੇ ਸ਼ਹੀਦ ਹੋਣ ਦੀ ਖਬਰ ਮਿਲਣੀ ਤਾਂ ਧੀਆਂ- ਭੈਣਾਂ,ਮਾਵਾਂ-ਬਜ਼ੁਰਗਾਂ ਨੇ ਆਪਣੇ ਘਰਾਂ ਦੇ ਚੁੱਲ੍ਹਿਆਂ ਵਿੱਚ ਅੱਗ ਨਹੀਂ ਸੀ ਬਾਲ਼ਦੇ ਸਗੋ ਆਪਣੇ ਹੰਝੂਆਂ ਨਾਲ ਸ਼ਰਧਾ ਦੇ ਫੁੱਲ ਭੇਟ ਕਰਕੇ ਚੜਦੀ ਕਲਾ ਵਿੱਚ ਜੈਕਾਰੇ ਛਡਣੇ। ਨੌਜਵਾਨਾਂ ਦੇ ਸਿਰਾਂ ਤੇ ਕੇਸਰੀ ਦਸਤਾਰਾਂ, ਪ੍ਰਕਾਸ਼ ਦਾਹੜੇ ਅਤੇ ਦਰਸ਼ਨੀ ਚਿਹਰੇ ਪੰਜਾਬ ਦੇ ਭਵਿੱਖ ਦੇ ਦਰਸ਼ਨਾਂ ਦੇ ਸੁਨਿਹਰੀ ਦਿਨਾ ਦੇ ਪ੍ਰਤੱਖ ਰੂਪ ਵਿਚ ਦਿਸਦੇ ਸਨ।

ਬੇਸ਼ੱਕ ਅੱਜ ਸਾਡੇ ਚਿਹਰਿਆਂ ਵਿਚੋਂ ਉਨ੍ਹਾਂ ਖਾੜਕੂ ਸਿੰਘਾਂ ਵਾਲਾ ਪ੍ਰਭਾਵ ਅਤੇ ਰੋਅਬ ਨਜ਼ਰ ਨਹੀਂ ਆ ਰਿਹਾ। ਕਿਉਂਕਿ ਅੱਜ ਸਾਡੇ ਵਿਚ ਸੇਵਾ, ਸਿਮਰਨ,ਸਹਿਜ ਦੀ ਘਾਟ ਕਰਕੇ ਗੁਰੂ ਸਾਹਿਬ ਤੋ ਪ੍ਰਾਪਤ ਹੋਣ ਵਾਲੀ ਅਧਿਆਤਮਕ ਸ਼ਕਤੀ ਅਤੇ ਗੁਰੂ ਦੀ ਬਖਸਿਸ਼ ਦੀ ਦਾਤ ਪ੍ਰਾਪਤ ਨਹੀਂ ਹੋ ਰਹੀ।

ਇਸ ਮਹਾਨ ਸ਼ਹੀਦੀ ਸਮਾਗਮ ਵਿੱਚ ਅਨੇਕਾਂ ਪੰਥਕ ਜਥੇਬੰਦੀਆਂ ਵੱਲੋਂ ਅਤੇ ਲੋਅਰ ਮੇਨਲੈਂਡ ਦੇ ਵੱਡੇ ਗੁਰੂ ਘਰਾਂ ਵੱਲੋ ਪੁੱਜੇ ਵੱਖ-ਵੱਖ ਪੰਥਕ ਬੁਲਾਰਿਆਂ ਨੇ ਆਪਣੇ ਕੀਮਤੀ ਵਿਚਾਰ ਪੇਸ਼ ਕਰਕੇ ਅਤੇ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਜਿਨਾਂ ਵਿੱਚ ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਤੋਂ ਜਥੇਦਾਰ ਸਤਿੰਦਰਪਾਲ ਸਿੰਘ , ਸ. ਗਿਆਨ ਸਿੰਘ ਗਿੱਲ , ਮਨਜੀਤ ਸਿੰਘ ਧਾਮੀ ਅਤੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਐਬਟਸਫੋਰਡ ਤੋਂ ਰਣਜੀਤ ਸਿੰਘ ਖਾਲਸਾ , ਇੰਦਰਜੀਤ ਸਿੰਘ ਬੈਂਸ ,` ਭਾਈ ਸੁਨੀਲ ਕੁਮਾਰ , ਗੁਰਦੁਆਰਾ ਬੈਲਿੰਗਹੈਮ ਤੋ ਭਾਈ ਹਰਪਾਲ ਸਿੰਘ ਤੇ ਸਿਆਟਲ ਯੂਐਸਏ ਤੋਂ ਭਾਈ ਕਰਮਜੀਤ ਸਿੰਘ ਆਦਿ ਪੰਥਕ ਬੁਲਾਰਿਆਂ ਨੇ ਹਾਜਰੀ ਲਵਾਈ ਅਤੇ ਜਥੇਦਾਰ ਸਤਿੰਦਰਪਾਲ ਸਿੰਘ ਨੇ ਭਾਈ ਪਰਮਜੀਤ ਸਿੰਘ ਪੰਜਵੜ ਨਾਲ ਸਿੱਖ ਸੰਘਰਸ਼ ਦੇ ਸਮੇਂ ਵਿੱਚ ਬਿਤਾਏ ਗਏ ਕੀਮਤੀ ਅਤੇ ਅਨਮੋਲ ਪਲ ਸਿੱਖ ਸੰਗਤਾਂ ਨਾਲ ਸਾਂਝੇ ਕੀਤੇ ਗਏ। ਇਸ ਸਮਾਗਮ ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ-ਡੈਲਟਾ ਦੀ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤ ਦੇ ਸਹਿਯੋਗ ਨਾਲ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੇ ਸਪੁੱਤਰ ਭਾਈ ਮਨਵੀਰ ਸਿੰਘ ਨੂੰ ਸੋਨੇ ਦੇ ਤਗਮੇ ਨਾਲ ਖਾਲਿਸਤਾਨ ਜਿੰਦਾਬਾਦ ਦੇ ਜੈਕਾਰਿਆਂ ਦੀ ਗੂੰਜ ਨਾਲ ਗੁਰੂ ਘਰ ਦੀ ਸਟੇਜ ਤੋਂ ਸਨਮਾਨਿਤ ਕੀਤਾ ਗਿਆ। ਉਪਰੰਤ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੀ ਤਸਵੀਰ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ-ਡੈਲਟਾ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰਿਆਂ ਦੀ ਗੂੰਜ ਨਾਲ ਸਸ਼ੋਭਿਤ ਕੀਤੀ ਗਈ। ਤਸਵੀਰ ਲਗਵਾਉਣ ਦੀ ਸੇਵਾ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੇ ਸਪੁੱਤਰ ਭਾਈ ਮਨਵੀਰ ਸਿੰਘ ਵਲੋ ਆਪਣੇ ਕਰਕਮਲਾਂ ਨਾਲ ਸਸ਼ੋਭਤ ਕੀਤੀ ਗਈ। ਪੰਥਕ ਬੁਲਾਰਿਆਂ ਨੇ ਗੁਰੂ ਨਾਨਕ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਜੋ ਕੌਮੀ ਸ਼ਹੀਦਾਂ ਦੇ ਪਵਿੱਤਰ ਦਿਹਾੜੇ ਮਨਾਉਣ ਅਤੇ ਕੌਮ ਲਈ ਜੂਝਣ ਵਾਲੇ ਸੂਰਮਿਆਂ ਦੇ ਸਾਥ ਅਤੇ ਸਹਿਯੋਗ ਲਈ ਹਮੇਸ਼ਾ ਮੋਹਰੀ ਰੋਲ ਅਦਾ ਕਰਦੇ ਆ ਰਹੇ ਹਨ। ਇਸ ਮੌਕੇ ਸਟੇਜ ਸੈਕਟਰੀ ਭਾਈ ਭੁਪਿੰਦਰ ਸਿੰਘ ਹੋਠੀ ਵੱਲੋਂ ਆਈਆਂ ਹੋਈਆਂ ਸਿੱਖ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਭਾਰਤ ਨਹੀਂ ਮੰਨ ਰਿਹੈ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਨੂੰ

ਸੰਯੁਕਤ ਰਾਸ਼ਟਰ: ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ ਭਾਰਤ ਸਰਕਾਰ ਦੀ ਮਾਲਕੀ ਵਾਲੀਆਂ ਕੰਪਨੀਆਂ ਅਤੇ ਦੇਸ਼ ਵਿਚਲੀਆਂ ਨਿੱਜੀ ਫਰਮਾਂ ਨੇ ਮੀਆਮਾਰ ਨੂੰ 51 ਮਿਲੀਅਨ ਡਾਲਰ (ਲਗਭਗ 421 ਕਰੋੜ ਰੁਪਏ) ਦੇ ਹਥਿਆਰ, ਦੋਹਰੇ ਵਰਤੋਂ ਵਾਲੀਆਂ ਵਸਤੂਆਂ ਅਤੇ ਕੱਚੇ ਮਾਲ ਦੀ ਸਪਲਾਈ ਕੀਤੀ ਹੈ। ਮਿਆਂਮਾਰ ਵਿੱਚ ਮਨੁੱਖੀ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਰਿਪੋਰਟਰ, ਟੌਮ ਐਂਡਰਿਊਜ਼ ਨੇ ਕਿਹਾ ਕਿ ਮੀਆਮਾਰ ਦੀ ਫੌਜੀ ਹਕੂਮਤ ਨੂੰ ਭਾਰਤ ਸਮੇਤ ਵੱਖ-ਵੱਖ ਦੇਸ਼ਾਂ ਨੇ 1 ਬਿਲੀਅਨ ਡਾਲਰ ਦੇ ਹਥਿਆਰ ਵੇਚੇ। "ਦ ਬਿਲੀਅਨ ਡਾਲਰ ਡੈਥ ਟਰੇਡ: ਇੰਟਰਨੈਸ਼ਨਲ ਆਰਮਜ਼ ਨੈਟਵਰਕ ਜੋ ਕਿ ਮਿਆਂਮਾਰ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਸਮਰੱਥ ਬਣਾਉਂਦੇ ਹਨ" ਸਿਰਲੇਖ ਵਾਲੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ ਹਥਿਓਾਰਾਂ ਦੇ ਇਸ ਵਪਾਰ ਦਾ ਹਿਸਾ ਹਨ ਜਿਨਾ ਵਿੱਚ ਭਾਰਤ ਵੀ ਸ਼ਾਮਲ ਹੈ। ਆਂਗ ਸਾਨ ਸੂ ਕੀ ਦੀ ਅਗਵਾਈ ਵਾਲੀ ਨੈਸ਼ਨਲ ਲੀਗ ਫਾਰ ਡੈਮੋਕਰੇਸੀ ਨੇ ਨਵੰਬਰ 2020 ਦੀਆਂ ਚੋਣਾਂ ਜਿੱਤਣ ਤੋਂ ਬਾਅਦ, ਮਿਆਂਮਾਰ ਦੀ ਫੌਜ ਨੇ 01 ਫਰਵਰੀ, 2021 ਨੂੰ ਇੱਕ ਤਖ਼ਤਾ ਪਲਟ ਕੇ ਸੱਤਾ 'ਤੇ ਕਬਜ਼ਾ ਕਰ ਲਿਆ। ਫੌਜ ਨੇ ਉਦੋਂ ਤੋਂ ਤਖਤਾਪਲਟ ਦੇ ਖਿਲਾਫ ਵਿਰੋਧ ਪ੍ਰਦਰਸ਼ਨਾਂ 'ਤੇ ਤਸ਼ੱਦਦ ਕਰ ਰਹੀ ਹੈ, ਮੀਆਂ ਮਾਰ ਫੌਜ ਦੀ ਅੰਤਰਰਾਸ਼ਟਰ ਪੱਧਰ ਤੇ ਨਿੰਦਾ ਕੀਤੀ ਗਈ ਹੈ। ਰਿਪੋਰਟ ਵਿੱਚ, ਐਂਡਰਿਊਜ਼ ਨੇ ਕਿਹਾ ਕਿ ਭਾਰਤ-ਅਧਾਰਤ 22"ਵਿਲੱਖਣ ਸਪਲਾਇਰਾਂ" ਨੇ ਮਿਆਂਮਾਰ ਦੀ ਫੌਜ ਨੂੰ ਹਥਿਆਰ, ਦੋਹਰੀ ਵਰਤੋਂ ਵਾਲੀਆਂ ਚੀਜ਼ਾਂ, ਨਿਰਮਾਣ ਉਪਕਰਣ ਅਤੇ ਕੱਚਾ ਮਾਲ ਭੇਜਿਆ ਹੈ। ਸਪਲਾਇਰਾਂ ਵਿੱਚ ਭਾਰਤ ਡਾਇਨਾਮਿਕਸ, ਭਾਰਤ ਇਲੈਕਟ੍ਰਾਨਿਕਸ ਅਤੇ ਯੰਤਰਾ ਇੰਡੀਆ ਵਰਗੀਆਂ ਸਰਕਾਰੀ ਮਾਲਕੀ ਵਾਲੀਆਂ ਸੰਸਥਾਵਾਂ ਅਤੇ ਸੰਦੀਪ ਮੈਟਲਕ੍ਰਾਫਟ ਅਤੇ ਲਾਰਸਨ ਐਂਡ ਟੂਬਰੋ ਵਰਗੀਆਂ ਨਿੱਜੀ ਕੰਪਨੀਆਂ ਸਨ। ਰਿਪੋਰਟ



ਵਿੱਚ ਕਿਹਾ ਗਿਆ ਹੈ ਕਿ ਭਾਰਤ ਵੱਲੋਂ ਮਿਆਂਮਾਰ ਨੂੰ ਸਮੱਗਰੀ ਦੀ ਨਿਰੰਤਰ ਸਪਲਾਈ, ਜੋ ਨਿਗਰਾਨੀ, ਤੋਪਖਾਨੇ ਅਤੇ ਮਿਜ਼ਾਈਲਾਂ ਵਿੱਚ ਵਰਤੀ ਜਾਂਦੀ ਹੈ, ਨੂੰ ਰਵਾਇਤੀ ਅੰਤਰਰਾਸ਼ਟਰੀ ਕਾਨੂੰਨ ਅਤੇ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਦੀ ਉਲੰਘਣਾ ਮੰਨਿਆ ਜਾ ਸਕਦਾ ਹੈ। "ਇਸ ਲਈ ਭਾਰਤ ਨੂੰ ਇਹ ਸੁਚੇਤ ਹੋਣਾ ਚਾਹੀਦਾ ਹੈ ਕਿ ਉਹ ਮਿਆਂਮਾਰ ਦੀ ਫੌਜ ਨੂੰ ਜੋ ਹਥਿਆਰ ਪ੍ਰਦਾਨ ਕਰਦਾ ਹੈ - ਉਨਾ ਨੂੰ ਅੰਤਰਰਾਸ਼ਟਰੀ ਅਪਰਾਧ ਮੰਨੇ ਜਾਣ ਦੀ ਸੰਭਾਵਨਾ ਹੈ। ਇਸ ਦੇ ਹਿੱਸੇ 'ਤੇ, ਭਾਰਤ ਨੇ ਸੰਯੁਕਤ ਰਾਸ਼ਟਰ ਦੇ ਰਿਪੋਰਟਰ ਨੂੰ ਦੱਸਿਆ ਕਿ ਮਿਆਂਮਾਰ ਨੂੰ ਸਪਲਾਈ ਕੀਤੇ ਗਏ ਹਥਿਆਰ ਤਖਤਾਪਲਟ ਤੋਂ ਪਹਿਲਾਂ ਸਰਕਾਰ ਨੂੰ ਕੀਤੇ ਗਏ ਵਚਨਬੱਧਤਾਵਾਂ ਦਾ ਹਿੱਸਾ ਸਨ ਅਤੇ ਨਵੀਂ ਦਿੱਲੀ ਦੀਆਂ ਆਪਣੀਆਂ ਘਰੇਲੂ ਸੁਰੱਖਿਆ ਚਿੰਤਾਵਾਂ ਦੇ ਮੱਦੇਨਜ਼ਰ ਬਰਾਮਦ ਕੀਤੇ ਗਏ ਸਨ। ਰਿਪੋਰਟ ਮੁਤਾਬਕ ਭਾਰਤੀ ਨੁਮਾਇੰਦਿਆਂ ਨੇ ਐਂਡਰਿਊਜ਼ ਨੂੰ ਦੱਸਿਆ, ''ਅਸੀਂ ਇਸ ਗੱਲ 'ਤੇ ਵਿਚਾਰ ਕਰਦੇ ਹਾਂ ਕਿ ਮਿਆਂਮਾਰ ਦੇ ਲੋਕਾਂ ਦੇ ਹਿੱਤ 'ਚ ਕੀ ਹੈ। ਸੰਯੁਕਤ ਰਾਸ਼ਟਰ ਦੇ ਰਿਪੋਰਟਰ ਨੇ ਕਿਹਾ ਕਿ "ਗੈਰ-ਕਾਨੂੰਨੀ ਫੌਜੀ ਤਖਤਾਪਲਟ" ਤੋਂ ਲੈ ਕੇ, ਮੀਆਂਮਾਰ ਨੇ ਘੱਟੋ-ਘੱਟ 3,500 ਨਾਗਰਿਕਾਂ ਨੂੰ ਮਾਰਿਆ ਹੈ, ਘੱਟੋ-ਘੱਟ 22,000 ਸਿਆਸੀ ਕੈਦੀਆਂ ਨੂੰ ਨਜ਼ਰਬੰਦ ਕੀਤਾ ਹੈ ਅਤੇ 15 ਲੱਖ ਤੋਂ ਵੱਧ ਨਾਗਰਿਕਾਂ ਨੂੰ ਜ਼ਬਰਦਸਤੀ ਉਜਾੜ ਦਿੱਤਾ ਹੈ।


Injured in an accident?
ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

T 604 449 7500

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# ਫੋਕੇ ਫਾਇਰ

ਪਿਛਲੇ ਦਿਨੀਂ ਸੁਪਰੀਮ ਕੋਰਟ ਦੇ ਪੰਜ ਜੱਜਾਂ ਦੀ ਬੈਂਚ ਨੇ ਇੱਕ ਫ਼ੈਸਲੇ ਰਾਹੀਂ ਕਿਹਾ ਸੀ ਕਿ ਜਨਤਾ ਦੁਆਰਾ ਚੁਣੀ ਗਈ ਦਿੱਲੀ ਸਰਕਾਰ ਕੋਲ ਸਾਰੀਆਂ ਪ੍ਰਸ਼ਾਸਨਿਕ ਸੇਵਾਵਾਂ ਦਾ ਅਧਿਕਾਰ ਹੋਵੇਗਾ, ਇਸ ਵਿੱਚ ਉਪ ਰਾਜਪਾਲ ਦਖ਼ਲ ਨਹੀਂ ਦੇ ਸਕੇਗਾ। ਸੁਪਰੀਮ ਕੋਰਟ ਦੇ ਇਸ ਇਤਿਹਾਸਕ ਫੈਸਲੇ ਨੂੰ ਮੋਦੀ ਸਰਕਾਰ ਨੇ ਅਗਲੇ ਦਿਨ ਹੀ ਇੱਕ ਆਰਡੀਨੈਂਸ ਜਾਰੀ ਕਰਕੇ ਬਦਲ ਦਿੱਤਾ।

ਕਰਨਾਟਕ ਚੋਣਾਂ ਵਿੱਚ ਮੋਦੀ ਦੀ ਕਰਾਰੀ ਹਾਰ ਨੇ ਦੇਸ਼ ਦੀ ਰਾਜਨੀਤੀ ਦੀ ਦਿਸ਼ਾ ਬਦਲ ਦਿੱਤੀ ਹੈ। ਰਾਜਨੀਤੀ ਦੀ ਕਮਾਂਡ ਪਿਛਲੇ 9 ਸਾਲਾਂ ਤੋਂ ਭਾਜਪਾ ਤੇ ਸੰਘ ਦੇ ਕੋਲ ਰਹੀ ਸੀ।ਕਰਨਾਟਕ ਚੋਣਾਂ ਨੇ ਇਸ ਸਥਿਤੀ ਨੂੰ ਬਦਲ ਦਿੱਤਾ। ਇਸ ਸਮੇਂ ਰਾਜਨੀਤਕ ਮੈਦਾਨ ਵਿੱਚ ਵਿਰੋਧੀ ਧਿਰਾਂ ਭਾਜਪਾ ਉੱਤੇ ਹਾਵੀ ਹੁੰਦੀਆਂ ਦਿਸ ਰਹੀਆਂ ਹਨ। ਮੋਦੀ ਦਾ ਇਹ ਅਜ਼ਮਾਇਆ ਨੁਸਖਾ ਹੈ ਕਿ ਅਜਿਹੇ ਮੌਕੇ ਉੱਤੇ ਉਹ ਕੋਈ ਅਜਿਹਾ ਮੁੱਦਾ ਸਾਹਮਣੇ ਲੈ ਆਉਂਦੇ ਹਨ, ਜਿਹੜਾ ਵਿਰੋਧੀ ਧਿਰਾਂ ਦੇ ਮੁੱਦੇ ਤੋਂ ਵੱਧ ਅਹਿਮੀਅਤ ਲੈ ਲਵੇ। ਇੰਜ ਉਹ ਨਵਾਂ ਬਿਰਤਾਂਤ ਸਿਰਜ ਕੇ ਰਾਜਨੀਤੀ ਦੀ ਕਮਾਂਡ ਫਿਰ ਆਪਣੇ ਹੱਥ ਲੈਣ ਦੀ ਕੋਸ਼ਿਸ਼ ਕਰਦੇ ਹਨ। ਇਸ ਕੰਮ ਵਿੱਚ ਗੋਦੀ ਮੀਡੀਆ ਉਨ੍ਹਾ ਲਈ ਪੂਰਾ ਸਹਾਈ ਹੁੰਦਾ ਹੈ।

ਕਰਨਾਟਕ ਤੋਂ ਬਾਅਦ ਜੋ ਸਥਿਤੀ ਬਣ ਗਈ ਸੀ, ਉਹ ਮੋਦੀ ਤੇ ਉਨ੍ਹਾ ਦੀ ਸਰਕਾਰ ਦੇ ਪੱਖ ਵਿੱਚ ਨਹੀਂ ਸੀ। ਮੋਦੀ ਸਾਹਿਬ ਨੇ ਕਰਨਾਟਕ ਚੋਣਾਂ ਵਿੱਚ ਪੂਰੀ ਕਮਾਂਡ ਆਪਣੇ ਹੱਥ ਵਿੱਚ ਲੈ ਕੇ ਚੋਣਾਂ ਲੜੀਆਂ ਸਨ। ਚੋਣਾਂ ਵਿੱਚ ਹਾਰ ਨੇ ਉਨ੍ਹਾ ਦੀ ਛਵੀ ਤਾਰ-ਤਾਰ ਕਰ ਦਿੱਤੀ ਸੀ। ਜਨਤਾ ਵਿੱਚ ਇਹ ਗੱਲ ਪਹੁੰਚ ਰਹੀ ਸੀ ਕਿ ਪ੍ਰਧਾਨ ਮੰਤਰੀ ਮੋਦੀ ਦੀ ਹੁਣ ਆਪਣੀ ਤਾਕਤ ਨਾਲ ਚੋਣ ਜਿਤਾਉਣ ਦੀ ਹੈਸੀਅਤ ਨਹੀਂ ਰਹੀ। ਭਾਜਪਾ ਵੀ ਸਦਾ ਇਹੋ ਪ੍ਰਚਾਰ ਕਰਦੀ ਰਹੀ ਹੈ ਕਿ ਮੋਦੀ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ।ਹੁਣ ਜੇਕਰ ਮੋਦੀ ਨਾਂਅ ਦਾ ਸਿੱਕਾ ਹੀ ਖੋਟਾ ਹੋ ਜਾਵੇ ਤਾਂ ਭਾਜਪਾ ਨੂੰ ਬਚਾਉਣਾ ਮੁਸ਼ਕਲ ਹੈ।ਇਸੇ ਕਰਕੇ ਇਸ ਬਣ ਰਹੇ ਬਿਰਤਾਂਤ ਨੂੰ ਬਦਲਣ ਲਈ ਤੁਰੰਤ ਦੋ ਮੁੱਦਿਆਂ ਦੀਆਂ ਸ਼ਤਰੰਜੀ ਚਾਲਾਂ ਚੱਲੀਆਂ ਗਈਆਂ।ਇੱਕ ਦੋ ਹਜ਼ਾਰ ਦੇ ਨੋਟਾਂ ਨੂੰ ਬੰਦ ਕਰਨ ਵਾਲਾ ਤੇ ਦੂਜਾ ਦਿੱਲੀ ਸਰਕਾਰ ਨੂੰ ਸੁਪਰੀਮ ਕੋਰਟ ਵੱਲੋਂ ਮਿਲੀਆਂ ਸ਼ਕਤੀਆਂ ਨੂੰ ਖੋਹ ਲੈਣ ਲਈ ਆਰਡੀਨੈਂਸ ਜਾਰੀ ਕਰਨ ਵਾਲਾ।ਪ੍ਰਧਾਨ ਮੰਤਰੀ ਮੋਦੀ ਤੇ ਭਾਜਪਾ ਵਾਲੇ ਇਹ ਭੁੱਲ ਗਏ ਹਨ ਕਿ ਹੁਣ ਸਮਾਂ ਬਦਲ ਚੁੱਕਾ ਹੈ। ਦੋ ਹਜ਼ਾਰ ਦੇ ਨੋਟਾਂ ਨੂੰ ਬੰਦ ਕਰਨ ਬਾਰੇ ਜਨਤਾ ਦੀ ਤਿੱਖੀ ਪ੍ਰਤੀਕ੍ਰਿਆ ਸੋਸ਼ਲ ਮੀਡੀਆ ’ਤੇ ਦੇਖੀ ਜਾ ਸਕਦੀ ਹੈ।

ਜਿੱਥੋਂ ਤੱਕ ਆਰਡੀਨੈਂਸ ਰਾਹੀਂ ਦਿੱਲੀ ਸਰਕਾਰ ਨੂੰ ਅਦਾਲਤ ਵੱਲੋਂ ਮਿਲੀਆਂ ਸ਼ਕਤੀਆਂ ਨੂੰ ਖੋਹ ਕੇ ਉਪ ਰਾਜਪਾਲ ਨੂੰ ਸੌਂਪਣ ਦਾ ਮਾਮਲਾ ਹੈ, ਉਸ ਨੇ ਵਿਰੋਧੀ ਦਲਾਂ ਨੂੰ ਇੱਕ ਹੋਣ ਦਾ ਸੁਨਹਿਰੀ ਮੌਕਾ ਦੇ ਦਿੱਤਾ ਹੈ। ਸਭ ਤੋਂ ਪਹਿਲਾਂ ਉਸ ਕਾਂਗਰਸ ਪਾਰਟੀ ਨੇ ਦਿੱਲੀ ਦੀ ਚੁਣੀ ਸਰਕਾਰ ਦੇ ਹੱਕ ਵਿੱਚ ਬਿਆਨ ਦਿੱਤਾ, ਜਿਸ ਨੇ ਕੇਜਰੀਵਾਲ ਨੂੰ ਕਰਨਾਟਕ ਦੇ ਸਹੁੰ ਚੁੱਕ ਸਮਾਗਮ ਵਿੱਚ ਨਹੀਂ ਸੱਦਿਆ ਸੀ। ਕਾਂਗਰਸ ਨੇ ਆਪਣੇ ਬਿਆਨ ਵਿੱਚ ਆਰਡੀਨੈਂਸ ਦੀ ਨਿੰਦਾ ਕਰਦਿਆ ਕਿਹਾ ਕਿ ਇਹ ਸੰਵਿਧਾਨਕ ਸਿਧਾਂਤਾਂ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਹੈ।

ਬਾਕੀ ਪਾਰਟੀਆਂ ਨੇ ਵੀ ਇੱਕ-ਇੱਕ ਕਰਕੇ ਇਸ ਆਰਡੀਨੈਂਸ ਦੀ ਵਿਰੋਧਤਾ ਕੀਤੀ ਹੈ।ਇਨ੍ਹਾਂ ਵਿੱਚ ਰਾਜਦ, ਜਨਤਾ ਦਲ (ਯੂ), ਤ੍ਰਿਣਮੂਲ ਕਾਂਗਰਸ, ਮਾਰਕਸੀ ਪਾਰਟੀ ਤੇ ਨੈਸ਼ਨਲ ਕਾਨਫ਼ਰੰਸ ਸ਼ਾਮਲ ਹਨ।

ਇਸੇ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਭ ਵਿਰੋਧੀ ਪਾਰਟੀਆਂ ਨੂੰ ਅਪੀਲ ਕੀਤੀ ਹੈ ਕਿ ਕੇਂਦਰ ਸਰਕਾਰ ਵੱਲੋਂ ਲਿਆਂਦਾ ਗਿਆ ਆਰਡੀਨੈਂਸ ਜਦੋਂ ਬਿੱਲ ਦੇ ਤੌਰ ਉੱਤੇ ਪਾਸ ਹੋਣ ਆਏ ਤਾਂ ਰਾਜ ਸਭਾ ਵਿੱਚ ਹਰਾ ਦਿੱਤਾ ਜਾਵੇ। ਉਨ੍ਹਾ ਕਿਹਾ ਕਿ ਉਨ੍ਹਾ ਦੀ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨਾਲ ਮੁਲਾਕਾਤ ਹੋ ਚੁੱਕੀ ਹੈ।ਮਮਤਾ ਬੈਨਰਜੀ ਨੂੰ ਮਿਲਣ ਲਈ ਉਹ ਕੋਲਕਾਤਾ ਜਾ ਰਹੇ ਹਨ। ਉਨ੍ਹਾ ਕਿਹਾ ਕਿ ਸੰਵਿਧਾਨ ਨੂੰ ਬਚਾਉਣ ਦੇ ਇਸ ਮੁੱਦੇ ਉੱਤੇ ਉਹ ਆਉਂਦੇ ਦਿਨੀਂ ਸਭ ਵਿਰੋਧੀ ਪਾਰਟੀਆਂ ਦੇ ਮੁਖੀਆਂ ਨੂੰ ਮਿਲ ਕੇ ਇਕੱਠੇ ਕਰਨ ਦੀ ਕੋਸ਼ਿਸ਼ ਕਰਨਗੇ। ਉਨ੍ਹਾ ਕਿਹਾ ਕਿ ਉਹ ਆਸ ਕਰਦੇ ਹਨ ਕਿ ਤਾਨਾਸ਼ਾਹੀ ਹਾਕਮਾਂ ਨੂੰ ਹਾਰ ਦੇਣ ਲਈ ਲੋਕਤੰਤਰ ਦੇ ਸਭ ਹਾਮੀ ਇਕਮੁੱਠ ਹੋਣਗੇ।

# ਇੰਫਾਲ ’ਚ ਮੁੜ ਹਿੰਸਾ, ਸੁਰੱਖਿਆ ਪ੍ਰਬੰਧ ਹੋਰ ਸਖ਼ਤ

ਮਨੀਪੁਰ:ਇੰਫਾਲ ਪੂਰਬੀ ਜ਼ਿਲ੍ਹੇ ਵਿਚ ਮੁੜ ਹਿੰਸਾ ਹੋਣ ਤੋਂ ਬਾਅਦ ਫ਼ੌਜ ਤੇ ਨੀਮ ਫੌਜੀ ਬਲਾਂ ਨੇ ਸੁਰੱਖਿਆ ਹੋਰ ਕਰੜੀ ਕਰ ਦਿੱਤੀ ਹੈ ਤੇ ਕਰਫਿਊ ਵਿਚ ਦਿੱਤੀ ਗਈ ਢਿੱਲ ਘਟਾ ਦਿੱਤੀ ਗਈ ਹੈ।ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਕੁਝ ਹਥਿਆਰਬੰਦ ਅਨਸਰ ਖੇਤਰ ਦੇ ਚੇਕੋਨ ਇਲਾਕੇ ਵਿਚ ਗਏ ਤੇ ਦੁਕਾਨਦਾਰਾਂ ਨੂੰ ਦੁਕਾਨਾਂ ਬੰਦ ਕਰਨ ਲਈ ਧਮਕਾਇਆ, ਨਾਲ ਹੀ ਉਨ੍ਹਾਂ ਦੋ ਘਰਾਂ ਨੂੰ ਅੱਗ ਵੀ ਲਾ ਦਿੱਤੀ। ਘਟਨਾ ਦੀ ਖ਼ਬਰ ਫੈਲਣ ’ਤੇ ਹੋਰਨਾਂ ਭਾਈਚਾਰਿਆਂ ਦੇ ਲੋਕ ਬਾਹਰ ਆ ਗਏ ਤੇ ਹਿੰਸਾ ਕਰਨ ਵਾਲਿਆਂ ਨੂੰ ਚੁਣੌਤੀ ਦਿੱਤੀ।ਗੁੱਸੇ ਵਿਚ ਆਈ ਭੀੜ ਨੇ ਇਨ੍ਹਾਂ ਵਿਚੋਂ ਇਕ ਦੀ ਕੁੱਟਮਾਰ ਵੀ ਕੀਤੀ।ਪੁਲੀਸ ਨੇ ਦੋ ਜਣਿਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਜ਼ਿਕਰਯੋਗ ਹੈ ਕਿ ਇੰਫਾਲ ਖੇਤਰ- ਇੰਫਾਲ ਪੂਰਬ ਤੇ ਇੰਫਾਲ ਪੱਛਮ ਜ਼ਿਲ੍ਹਿਆਂ ਵਿਚ ਵੰਡਿਆ ਹੋਇਆ ਹੈ। ਸਥਿਤੀ ਨੂੰ ਕਾਬੂ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਕਰਫਿਊ ’ਚ ਢਿੱਲ ਦਾ ਸਮਾਂ ਤਿੰਨ ਘੰਟਿਆਂ ਤੱਕ ਘਟਾਉਣਾ ਪਿਆ।ਜ਼ਿਕਰਯੋਗ ਹੈ ਕਿ ਮਨੀਪੁਰ ਸਰਕਾਰ ਨੇ ਐਤਵਾਰ ਰਾਤ ਇੰਟਰਨੈੱਟ ਸੇਵਾਵਾਂ 26 ਮਈ ਤੱਕ ਠੱਪ ਕਰ ਦਿੱਤੀਆਂ ਸਨ। ਇਹ ਕਦਮ ਅੱਗਜ਼ਨੀ ਤੇ ਹਮਲਿਆਂ ਦੀ ਰਿਪੋਰਟਾਂ ਤੋਂ ਬਾਅਦ ਚੁੱਕਿਆ ਗਿਆ ਸੀ। ਅਫ਼ਵਾਹਾਂ ਫੈਲਣ ਤੋਂ ਰੋਕਣ ਲਈ ਸਰਕਾਰ ਨੇ ਇਹ ਕਦਮ ਚੁੱਕਿਆ ਸੀ। ਜ਼ਿਕਰਯੋਗ ਹੈ ਕਿ ਮਨੀਪੁਰ ਵਿਚ ਮਈ ਦੇ ਸ਼ੁਰੂ ਤੋਂ ਹੀ ਰਾਖ਼ਵਾਂਕਰਨ ਨੂੰ ਲੈ ਕੇ ਹਿੰਸਾ ਭੜਕੀ ਹੋਈ ਹੈ। ਹੁਣ ਤੱਕ ਹਿੰਸਾ ਵਿਚ ਵੱਡੀ ਗਿਣਤੀ ਲੋਕ ਮਾਰੇ ਗਏ ਹਨ ਤੇ ਸੈਂਕੜੇ ਫੱਟੜ ਹੋਏ ਹਨ।

# ਬੀਬੀਸੀ ਨੂੰ ਡਾਕੂਮੈਂਟਰੀ ਨਾਲ ਸਬੰਧਤ ਮਾਣਹਾਨੀ ਮਾਮਲੇ ਵਿਚ ਹਾਈ ਕੋਰਟ ਦਾ ਨੋਟਿਸ ਮਿਲਿਆ

ਦਿੱਲੀ-ਹਾਈ ਕੋਰਟ ਨੇ ਮਾਣਹਾਨੀ ਦੇ ਇੱਕ ਮਾਮਲੇ ਵਿੱਚ ਬੀਬੀਸੀ ਨੂੰ ਸੰਮਨ ਜਾਰੀ ਕੀਤਾ ਹੈ। ਲਾਈਵਲਾਅ ਦੇ ਅਨੁਸਾਰ, ‘ਜਸਟਿਸ ਆਨ ਟ੍ਰਾਇਲ’ ਨਾਮ ਦੀ ਇੱਕ ਗੁਜਰਾਤ ਅਧਾਰਤ ਐਨਜੀਓ ਦੁਆਰਾ ਦਾਇਰ ਕੀਤੇ ਗਏ ਕੇਸ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਬੀਬੀਸੀ ਦੀ ਡਾਕੂਮੈਂਟਰੀ ‘ਇੰਡੀਆ: ਦ ਮੋਦੀ ਸਵਾਲ’ ਨੇ ਭਾਰਤ ਦੀ ਸਾਖ ਨੂੰ ਗੰਧਲਾ ਕੀਤਾ ਹੈ। ਗੁਜਰਾਤ ਦੰਗਿਆਂ ਵਿੱਚ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਭੂਮਿਕਾ ਨੂੰ ਦਰਸਾਉਂਦੀ ਇਸ ਡਾਕੂਮੈਂਟਰੀ ਨੂੰ ਭਾਰਤ ਸਰਕਾਰ ਨੇ ‘ਡਿਸਇਨਫਰਮੇਸ਼ਨ’ ਦੱਸਦਿਆਂ ਪਾਬੰਦੀ ਲਾ ਦਿੱਤੀ ਸੀ। ਕਈ ਯੂਨੀਵਰਸਿਟੀਆਂ ਅਤੇ ਕਾਲਜ ਕੈਂਪਸਾਂ ਵਿੱਚ ਇਸ ਦੀ ਸਕਰੀਨਿੰਗ ਨੂੰ ਲੈ ਕੇ ਵਿਵਾਦ ਵੀ ਹੋਇਆ ਸੀ।


The Builder's Direct
Experienced & Honest
Bath & Kitchen Fixtures



Wholesale price to public
We carry all major brands
Fireplaces Also Available



Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC

TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads



Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਪੰਜਾਬ ਦੀ ਖਿੱਚ



ਬਲਵੰਤ ਸਿੰਘ ਸੰਘੇੜਾ

ਪਿਛਲੇ ਕੁਝ ਸਾਲਾਂ ਵਿਚ ਜਦੋਂ ਭੀ ਮੈਨੂੰ ਭਾਰਤ ਜਾਂ ਪੰਜਾਬ ਜਾਣ ਦਾ ਮੌਕਾ ਮਿਲਿਆ ਹੈ ਤਾਂ ਹਰ ਵਾਰ ਮੇਰੀ ਹਿ ਖਾਹਸ਼ ਹੁੰਦੀ ਹੈ ਕਿ ਇਸ ਵਾਰ ਕਿਸ ਧਾਰਮਿਕ ਜਾਂ ਇਤਿਹਾਸਕ ਥਾਂਹ ਦੇ ਦਰਸ਼ਨ ਕੀਤੇ ਜਾਣ। ਇਹ ਸ਼ੌਕ ਮੈਨੂੰ ਕਾਲਜ ਦੇ ਦਿਨਾਂ ਤੋਂ ਹੀ ਹੈ।ਕਾਲਜ ਜਾਂਦੇ ਸਮੇਂ ਤਕਰੀਬਨ ਹਰ ਸਾਲ ਹੀ ਸਾਡੇ ਕਾਲਜ ਦਾ ਗਰੁੱਪ ਵੱਖਰੇ ਵੱਖਰੇ ਥਾਂਵਾਂ ਤੇ ਜਾਇਆ ਕਰਦਾ ਸੀ।ਸੋ ਉਹ ਸ਼ੌਕ ਮੇਰੇ ਲਈ ਹਾਲੇ ਭੀ ਪ੍ਰੇਰਨਾਂ ਦਾ ਕਾਰਨ ਹੈ।ਮਹਾਂਮਾਰੀ ਤੋਂ ਪਹਿਲਾਂ ਮੇਰੇ ਲਈਨੰਦੇੜ, ਬਿਦਰ ,ਹੈਦਰਾਬਾਦ, ਪਟਨਾਂ ਸਾਹਿਬ, ਬੋਧ ਗੈਆ, ਨੌਲੰਦਾ ਯੂਨੀਵਰਸਟੀ ਆਦਿ ਦੇਖਣ ਦਾ ਮੌਕਾ ਮਿਲਿਆ।ਪੰਜਾਬ ਵਿਚ ਚੰਡੀਗੜ ਲਾਗੇ ਪਿੰਜੌਰ ਗਾਰਡਨ, ਅਤੇ ਸ਼ਿਮਲਾ ਵਰਗੇ ਪਹਾੜੀ ਥਾਵਾਂ ਦਾ ਅਨੰਦ ਭੀ ਮਾਣਿਆਂ।ਇਕ ਵਾਰ ਮੇਰੀ ਪਤਨੀ ਬਲਦੇਵ ਕੋਰ ਸੰਘੇੜਾ ਅਤੇ ਕੁਝ ਦੋਸਤਾਂ ਦੇ ਨਾਲ ਅਸੀਂ ਜੈਪੁਰ, ਧੰਨਾਂ ਭਗਤ ਦੇ ਜੱਦੀ ਪਿੰਡ/ਗੁਰਦਵਾਰਾ, ਅਜਮੇਰ ਸ਼ਰੀਫ, ਪੁਸ਼ਕਰ, ਪੌਂਟਾ ਸਾਹਿਬ ਦੇ ਏਰੀਏ ਅਤੇ ਇਤਿਹਾਸਕ ਥਾਵਾਂ ਦੇਖੀਆਂ । ਇਸ ਤੋਂ ਬਿਨਾਂ ਦਿੱਲੀ ਦੇ ਵੱਖਰੇ ਵੱਖਰੇ ਇਤਿਹਾਸਕ ਅਤੇ ਧਾਰਮਿਕ ਥਾਵਾਂ, ਆਗਰੇ ਦਾ ਤਾਜ ਮਹੱਲ, ਫਤੇਹਪੁਰ ਸੀਕਰੀ ਫਿਰ ਦੇਖਣ ਦਾ ਆਨੰਦ ਮਾਣਿਆ ਸੀ।ਇਸ ਵਾਰ ਮੇਰੀ ਪਤਨੀ ਅਤੇ ਕੁਝ ਦੋਸਤ ਪੰਜਾਬ ਜਾਣ ਤੋਂ ਪਹਿਲਾਂ ਹੀ ਮਨ ਬਣਾ ਕੇ ਗਏ ਕਿ ਇਸ ਵਾਰ ਆਪਣੇ ਆਲੇ ਦਵਾਲੇ ਦੇ ਧਾਰਮਿਕ ਅਤੇ ਇਤਿਹਾਸਕ ਸਥਾਨ ਹੀ ਦੇਖਣੇ ਹਨ।ਮੇਰਾ ਪਿੰਡ ਫਰਵਾਲਾ ,ਜਿਲ੍ਹਾ ਜਲੰਧਰ, ਦੋ ਇਤਿਹਾਸਕ ਕਸਬਿਆਂ ਬਿਲਗਾ ਅਤੇ ਨੂਰਮਹਲ ਦੇ ਬਹੁਤ ਨਜਦੀਕ ਹੈ। ਬਿਲਗਾ ਪੰਜਾਬ ਦਾ ਸਭ ਤੋਂ ਵੱਡਾ ਨਗਰ ਮੰਨਿਆ ਜਾਂਦਾ ਹੈ।ਇਹ ਸਿੱਖਾਂ ਦੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਚਰਨ ਛੋਹ ਭੂੰਮੀ ਹੈ।ਜਦੋਂ ਗੁਰੂ ਜੀ ਬਿਲਗੇ ਤੋਂ ਕੁਝ ਕਿਲੋਮੀਟਰ ਦੂਰ ਪਿੰਡ ਮੌਅ ਸਾਹਿਬ ਵਿਖੇ ਮਾਤਾ ਗੰਗਾ ਜੀ ਨਾਲ ਵਿਆਹ ਕਰਵਾਉਣ ਲਈ ਜਾ ਰਹੇ ਸਨ ਤਾਂ ਉਹ ਬਿਲਗੇ ਵਿਖੇ ਠਹਿਰੇ। ਬਿਲਗਾ ਉਸ ਵੇਲੇ ਕੁਝ ਝੁੱਗੀਆਂ/ਕੁੱਲੀਆਂ ਦਾ ਪਿੰਡ ਦੱਸਿਆ ਜਾਂਦਾ ਹੇ। ਬਿਲਗੇ ਦੇ ਲੋਕਾਂ ਨੇ ਗੁਰੂ ਜੀ ਨੂੰ ਬਹੁਤ ਹੀ ਪਿਆਰ ਅਤੇ ਸਤਿਕਾਰ ਦਿੱਤਾ। ਮੌਅ ਸਾਹਿਬ ਵੱਲ ਕੂਚ ਕਰਨ ਤੋਂ ਪਹਿਲਾਂ ਗੁਰੂ ਜੀ ਨੇ ਬਿਲਗਾ ਵਾਸੀਆਂ ਨੂੰ ਵਧਣ ਫੂਲਣ ਦਾ ਅਸ਼ੀਰਵਾਦ ਦਿੱਤਾ।ਉਹਨਾਂ ਦੇ ਆਸ਼ੀਰਵਾਦ ਸਦਕਾ ਬਿਲਗਾ ਪੰਜਾਬ ਦਾ ਸਭ ਤੋਂ ਵੱਡਾ ਨਗਰ ਬਣ ਗਿਆ।ਦੱਸਿਆ ਜਾਂਦਾ ਹੇ ਕਿ ਬਿਲਗਾ ਨਗਰ ਨੇ ਬਹੁਤ ਵੱਡੀ ਗਿਣਤੀ ਵਿਚ ਭਾਰਤ ਦੀ ਆਜਾਦੀ ਦੇ ਪਰਵਾਨਿਆਂ ਨੂੰ ਭੀ ਜਨਮ ਦਿੱਤਾ ਹੈ।ਇਸ ਕਸਬੇ ਵਿਚ ਗੁਰਦਵਾਰਾ ਸਾਹਬਿ ਵਿਖੇ ਗੁਰੂ ਜੀ ਦੀਆਂ ਕਾਫੀ ਪਵਿੱਤਰ ਅਤੇ ਯਾਦਗਾਰੀ ਵਸਤੂਆਂ ਮੌਜੂਦ ਹਨ। ਬਿਲਗੇ ਤੋਂ ਕੁਝ ਕਿਲੋਮੀਟਰ ਦੂਰ ਨੂਰਮਹਿਲ ਹੇ।





ਮੁਗਲ ਬਾਦਸ਼ਾਹ ਜਹਾਂਗੀਰ ਦੀ ਬੇਗਮ ਨੂਰਜਹਾਂ ਦੇ ਨਾਂ ਉਪਰ ਵਸਿਆ ਇਹ ਸ਼ਹਿਰ ਬਹੁਤ ਹੀ ਮਸ਼ਹੂਰ ਸਰਾਂ ਦਾ ਘਰ ਹੈ। ਨੂਰਮਹਿਲ ਦੀ ਸਰਾਂ ਦੁਨੀਆ ਭਰ ਵਿੱਚ ਮਸ਼ਹੂਰ ਹੈ। ਕੁਝ ਸਮਾਂ ਪਹਿਲਾਂ ਇਸ ਸਰਾਂ ਦੀ ਚੰਗੀ ਦੇਖ ਭਾਲ ਨਹੀਂ ਹੁੰਦੀ ਸੀ। ਪਰ ਕੁਝ ਸਮੇਂ ਤੋਂ ਆਰਕਿਉਲੀਜੀਕਲ ਸਰਵੇ ਆਫ ਇੰਡੀਆ ਨੇ ਇਸ ੂੰ ਬਹੁਤ ਹੀ ਸੁੰਦਰ ਬਣਾ ਦਿੱਤਾ ਹੈ।

ਹੁਣ ਇਥੇ ਹਰ ਰੋਜ ਹਜਾਰਾਂ ਹੀ ਲੋਕ ਇਸ ਇਤਿਹਾਸਕ ਜਗ੍ਹਾ ਦਾ ਆਨੰਦ ਮਾਨਣ ਲਈ ਆਉਂਦੇ ਹਨ। ਇਸ ਸਾਲ (2023) ਅਪਰੈਲ ਵਿਚ ਕੈਨੇਡਾ ਵਾਪਸ ਆਉਣ ਤੋਂ ਪਹਿਲਾਂ ਮੈਂ ਭੀ ਇੱਥੇ ਕਈ ਵਾਰ ਗਿਆ ਅਤੇ ਇਸ ਇਤਿਹਾਸਕ ਅਤੇ ਸ਼ਾਨਦਾਰ ਇਮਾਰਤ ਦਾ ਆਨੰਦ ਮਾਣਿਆ। ਪਿਛਲੀਆਂ ਅਨੇਕਾਂ ਹੀ ਪੰਜਾਬ ਅਤੇ ਭਾਰਤ ਦੀਆਂ ਫੇਰੀਆਂ ਦੀ ਤਰ੍ਹਾਂ ਮੇਰੇ ਲਈ ਇਹ ਪੰਜਾਬ ਦੀ ਫੇਰੀ ਭੀ ਬਹੁਤ ਚੰਗੀ ਅਤੇ ਯਾਦਗਾਰੀ ਬਣ ਗਈ ਹੈ।

## ਸ਼ਹੀਦੀ ਦਿਹਾੜੇ ਮੌਕੇ ਪ੍ਰਧਾਨ ਮੰਤਰੀ ਮੋਦੀ ਨੇ ਸਿਡਨੀ ’ਚ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕੀਤਾ ਯਾਦ

ਆਸਟ੍ਰੇਲੀਆ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਸਟ੍ਰੇਲੀਆ ਦੌਰੇ ‘ਤੇ ਹਨ। ਇਸ ਦੌਰੇ ਦੌਰਾਨ ਅੱਜ ਉਹ ਸਿਡਨੀ ਵਿਖੇ ਕੁਡੋਸ ਬੈਂਕ ਅਰੇਨਾ ਪਹੁੰਚੇ, ਜਿੱਥੇ ਉਹਨਾਂ ਨੇ ਵਿਦੇਸ਼ੀ ਭਾਰਤੀਆਂ ਦੇ ਇਕ ਪ੍ਰੋਗਰਾਮ ਵਿਚ ਸੰਬੋਧਨ ਕੀਤਾ। ਆਪਣੇ ਸਬੰਧੋਨ ਵਿਚ ਪੀ.ਐੱਮ. ਮੋਦੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਿਜਦਾ ਕੀਤਾ। ਪੀ.ਐੱਮ. ਮੋਦੀ ਨੇ ਕਿਹਾ ਕਿ ਅੱਜ ਸ਼ਹੀਦਾਂ ਦੇ ਸਰਤਾਜ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਹੈ। ਸਾਨੂੰ ਗੁਰੂ ਜੀ ਦੇ ਜੀਵਨ ਤੋਂ ਸਾਰਿਆਂ ਦੀ ਸੇਵਾ ਕਰਨ ਦੀ ਸਿੱਖਿਆ ਮਿਲਦੀ ਹੈ। ਗੁਰੂ ਜੀ ਨੇ ਦਸੰਵਧ ਕੱਢਣ ਦੀ ਸ਼ੁਰੂਆਤ ਕੀਤੀ ਸੀ। ਇਸੇ ਪ੍ਰੇਰਣਾ ਨਾਲ ਕੋਰੋਨਾ ਮਹਾਮਾਰੀ ਦੌਰਾਨ ਬਹੁਤ ਸਾਰੇ ਗੁਰਦੁਆਰਾ ਸਾਹਿਬ ਦੇ ਲੰਗਰਾਂ ਨੇ ਲੋਕਾਂ ਦੇ ਢਿੱਡ ਭਰੇ। ਇਸ ਦੇ ਨਾਲ ਹੀ ਹੋਰ ਵੀ ਬਹੁਤ ਸਾਰੀਆਂ ਰਸੋਈਆਂ ਪੀੜਤਾਂ ਦੀ ਮਦਦ ਲਈ ਖੁੱਲ੍ਹੀ ਰਹੀ।ਆਸਟ੍ਰੇਲੀਆ ਵਿਚ ਰਹਿ ਕੇ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿਚ ਲੋਕਾਂ ਦੀ ਮਦਦ ਕੀਤੀ। ਪੀਐੱਮ ਮੋਦੀ ਨੇ ਕਿਹਾ ਕਿ ਭਾਰਤੀ ਕਿਤੇ ਵੀ ਰਹਿਣ ਉਹਨਾਂ ਵਿਚ ਦੂਜਿਆਂ ਦੀ ਮਦਦ ਕਰਨ ਜ਼ਜਬਾ ਕਾਇਮ ਰਹਿੰਦਾ ਹੈ।

## ਸਾਡੇ ਜਵਾਨਾਂ ਦੀਆਂ ਲਾਸ਼ਾਂ ਤੇ ਲੜੀ ਸੀ ਮੋਦੀ ਨੇ 2019 ਦੀ ਚੋਣ:ਮਲਿਕ

ਅਲਵਰ:ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸਤਿਆਪਾਲ ਮਲਿਕ ਨੇ 2019 ਦੀਆਂ ਆਮ ਚੋਣਾਂ ਤੋਂ ਪਹਿਲਾਂ ਹੋਏ ਪੁਲਵਾਮਾ ਹਮਲੇ ਨੂੰ ਲੈ ਕੇ ਇਕ ਵਾਰ ਵੀ ਕੇਂਦਰ ਸਰਕਾਰ ‘ਤੇ ਨਿਸ਼ਾਨਾ ਸਾਧਿਆ ਹੈ। ਦ ਹਿੰਦੂ ਦੇ ਅਨੁਸਾਰ, ਮਲਿਕ ਨੇ ਅਲਵਰ ਜ਼ਿਲ੍ਹੇ ਦੇ ਬਾਂਸੂਰ ਵਿੱਚ ਇੱਕ ਸਮਾਗਮ ਦੌਰਾਨ ਕਿਹਾ, “ਚੋਣਾਂ (ਲੋਕ ਸਭਾ 2019) ਸਾਡੇ ਸੈਨਿਕਾਂ ਦੀਆਂ ਲਾਸ਼ਾਂ ਨੂੰ ਲੈ ਕੇ ਲੜੀਆਂ ਗਈਆਂ ਸਨ ਅਤੇ ਕੋਈ ਜਾਂਚ ਨਹੀਂ ਕੀਤੀ ਗਈ ਸੀ। ਜੇਕਰ ਜਾਂਚ ਹੁੰਦੀ ਤਾਂ ਤਤਕਾਲੀ ਗ੍ਰਹਿ ਮੰਤਰੀ (ਰਾਜਨਾਥ ਸਿੰਘ) ਨੂੰ ਅਸਤੀਫਾ ਦੇਣਾ ਪੈਂਦਾ। ਕਈ ਅਫਸਰਾਂ ਨੂੰ ਜੇਲਾਂ ਵਿਚ ਡੱਕਿਆ ਹੁੰਦਾ ਤੇ ਵੱਡਾ ਵਿਵਾਦ ਹੁੰਦਾ।




# ਹਾਸ ਵਿਅੰਗ

# ਅੰਗੂਠਾ ਬਾਪੂ ਦਾ

ਵੈਸੇ ਤਾਂ ਹੱਥਾਂ ਪੈਰਾਂ ਦੇ ਪਰਿਵਾਰ ਵਿੱਚ ਅੰਗੂਠੇ ਦਾ ਅਹਿਮ ਸਥਾਨ ਹੈ।ਬੱਸ ਮੰਨ ਲਓ ਚਾਰ ਭੈਣਾਂ ਦਾ ਇਕ ਭਰਾਖ਼ ਅੰਗੂਠਾ। ਕਿਉਂਕਿ ਸਾਡਾ ਸਮਾਜ ਮੁਢੋਂ ਹੀ ਮਰਦਖ਼ ਪ੍ਰਧਾਨ ਰਿਹਾ ਹੈ।ਇਸ ਲਈ ਜਿਵੇਂ ਸਾਡੇ ਪਰਿਵਾਰਾਂ ਵਿੱਚ ਲੜਕੀਆਂ ਨਾਲੋਂ ਜ਼ਿਆਦਾ ਅਹਿਮੀਅਤ ਲੜਕੇ ਦੀ ਹੁੰਦੀ ਹੈ ਇਵੇਂ ਹੀ ਅੰਗੂਠੇ ਦੀ ਪੁੱਛ ਗਿੱਛ ਉਂਗਲਾਂ ਨਾਲੋਂ ਸਦਾ ਹੀ ਜ਼ਿਆਦਾ ਰਹਿੰਦੀ ਹੈ।ਕਿਸੇ ਵੇਲੇ ਸਿਰਤਾਜਾਂ ਦਾ ਸਿਰਤਾਜ ਬਣਿਆ ਇਹ ਅੰਗੂਠਾ ਘਰ ਦੀ ਸਾਰੀ ਆਰਥਿਕਤਾ ਨੂੰ ਠੁੰਮਣਾ ਦੇਈ ਰੱਖਦਾ ਸੀ।ਭਾਵੇਂ ਘਰਾਂ ਵਿੱਚ ਕਈ ਕਿਸਮ ਦੇ ਅੰਗੂਠੇ ਜਿਵੇਂ ਬੇਟੇ ਦਾ, ਬੇਟੀ ਦਾ, ਮਾਂ ਦਾ ਅੰਗੂਠਾ ਆਪੋ ਆਪਣੇ ਵਜੂਦ ਕਾਇਮ ਰੱਖਣ ਦੀ ਕੋਸ਼ਿਸ਼ ਕਰਦੇ ਪਰ ਬਾਪੂ ਦੇ ਅੰਗੂਠੇ ਤੱਕ ਕੋਈ ਵੀ ਨਹੀਂ ਸੀ ਪਹੁੰਚ ਸਕਦਾ।ਕਈ ਪਰਿਵਾਰਾਂ ਵਿੱਚ ਦਾਦੇ ਦਾ ਅੰਗੂਠਾ ਵੀ ਹੁੰਦਾ ਸੀ ਪਰ ਅਕਸਰ ਹੀ ਉਹ ਆਪਣੀ ਤਾਕਤ ਟਰਾਂਸਫਰ ਕਰ ਚੁੱਕਾ ਹੁੰਦਾ ਸੀ ਜਾਂ ਧੱਕੇ ਨਾਲ ਉਸਤੋਂ ਖੋਹ ਲਈ ਹੁੰਦੀ ਸੀ । ਆਮ ਤੌਰ ਤੇ ਆਮ ਘਰਾਂ ਵਿੱਚ ਬਾਪੂ ਦੇ ਅੰਗੂਠੇ ਦਾ ਰੁਤਬਾ ਹੀ ਸੱਭ ਤੋਂ ਉਚਾ ਹੁੰਦਾ ਜਾਂ ਕਹਿ ਲਉ ਰਾਜੇ ਮਹਾਰਾਜੇ ਤੋਂ ਘੱਟ ਨਹੀਂ ਸੀ ਹੁੰਦਾ ਇਸੇ ਕਰਕੇ ਬਾਪੂ ਦੀ ਹਰ ਲੋੜ ਦਾ ਧਿਆਨ ਰੱਖਿਆ ਜਾਂਦਾ ਉਸਦੇ ਹਰ ਹੁਕਮ ਤੇ ਫੁੱਲ ਚੜ੍ਹਾਏ ਜਾਂਦੇ ਜੇ ਕੋਈ ਪਰਿਵਾਰਿਕ ਮੈਂਬਰ ਇਸ ਤੋਂ ਨਾਬਰ ਹੋਣ ਦੀ ਕੋਸ਼ਿਸ਼ ਕਰਦਾ ਤਾਂ ਅਕਸਰ ਹੀ ਬਾਪੂ ਦੇ ਘਰ ਵਾਲੀ ਆਪਣੇ ਜਵਾਕਾਂ ਨੂੰ ਸਮਝਾ ਦਿੰਦੀ,

"ਭਾਈ ਕਾਕਾ, ਅੱਗਾ ਵਿਚਾਰ ਕੇ ਚੱਲ, ਐਂਵੇਂ ਨਾ ਬਾਪੂ ਦੇ ਗੁੱਸੇ ਦਾ ਸ਼ਿਕਾਰ ਹੋ ਜੀਂ,ਫਿਰ ਭੌਂਕਦਾ ਫਿਰੇਗਾਂ,ਆਹ ਘਰ *ਚ ਰਹਿਣ ਦਾ ਵੀ ਟਿਕਾਣਾ ਨਈਂ ਮਿਲਣਾ।"

ਤੇ ਵਾਹ ਲੱਗਦੀ ਮੁੰਡੇ ਕੁੜੀਆਂ, ਬਾਪੂ ਦੇ ਦੁਨੀਆਂ *ਚੋਂ ਸੱਭ ਤੋਂ ਆਗਿਆਕਾਰੀ ਹੋਣ ਦਾ ਖਿਤਾਬ ਪਾ ਲੈਂਦੇ ਭਾਵੇਂ ਕੁੜਦੇ ਅੰਦਰੋਂ ਅੰਦਰੀਂ, ਤੇ ਸਾਡੇ ਇੱਥੇ ਰਾਜਨੀਤਕ ਪਾਰਟੀਆਂ ਵਾਂਗ ਠੱਬੀ ਲਾਉਣ ਦੀ ਤਾਕ *ਚ ਰਹਿੰਦੇ।

ਅੰਗੂਠੇ ਦਾ ਖਿਆਲ ਰੱਖਣਾ, ਉਸਨੂੰ ਊਚ ਨੀਚ ਹੋਣ ਤੋਂ ਬਚਾਉਣਾ,ਇੱਥੋਂ ਤੱਕ ਕਿ ਉਸਦੀ ਸੀ.ਆਈ.ਡੀ ਕਰਨ ਦਾ ਸ਼ੁਭ ਕਾਰਜ ਅਰਧੰਗਣੀ ਜਾਂ ਕਹਿ ਲਉ 'ਬੰਦੇ ਦਾ ਅੱਧ' ਹੀ ਕਰਦੀ।ਸੁੱਤਿਆਂ ਜਾਗਦਿਆਂ ਉਸਦੀ ਨਜ਼ਰ ਸਦਾ ਹੀ ਅੰਗੂਠੇ ਦੀ ਹਿੱਲ ਜੁੱਲ ਤੇ ਰਹਿੰਦੀ।ਉਹਨਾਂ ਸਮਿਆਂ ਵਿੱਚ ਸ਼ਹਿਰ ਜਾਣਾ ਵੀ ਕਦੇ ਵਰ੍ਹੇ ਛਿਮਾਹੀ ਹੁੰਦਾ ਸੀ ਤੇ ਸ਼ਹਿਰ ਜਾਣਾ ਅੱਜ ਦੇ ਇਕ ਤਰ੍ਹਾਂ ਨਾਲ ਅਮਰੀਕਾ ਜਾਣ ਦੇ ਬਰਾਬਰ ਹੀ ਹੁੰਦਾ ਸੀ।ਤਿਆਰੀਆਂ ਕਈ ਕਈ ਦਿਨ ਪਹਿਲਾਂ ਹੀ ਚੱਲ ਪੈਂਦੀਆਂ।ਘਰ ਵਿੱਚ ਸ਼ਹਿਰ ਜਾਣ ਦਾ ਪ੍ਰੋਗਰਾਮ ਬਣਾਉਣ ਤੋਂ ਲੈ ਕੇ ਇੰਮਪਲੀਮੈਂਟ ਹੋਣ ਤੱਕ ਰੌਣਕਾਂ ਲੱਗੀਆਂ ਰਹਿੰਦੀਆਂ,ਚਹਿਲ ਪਹਿਲ ਰਹਿੰਦੀ ਅਤੇ ਅਕਸਰ ਬਹਿਸਾਂ ਹੁੰਦੀਆਂ, ਸਾਡੀ ਅੱਜ ਦੀਆਂ ਪਾਰਲੀਮੈਂਟਾਂ ਦਾ ਰੂਪ ਧਾਰ ਲਿਆ ਜਾਂਦਾ। ਉਸ ਸਮੇਂ ਤਾਂ ਬੱਚੇ ਵਾਕਿਆ ਹੀ ਰਾਜਨੀਤਕ ਪਾਰਟੀਆਂ ਦੇ ਮਖੌਟੇ ਪਹਿਨ ਲੈਂਦੇ।ਘੁਸੁੰਨ ਮੁੱਕੀ ਤੱਕ ਦੀ ਨੌਬਤ ਆ ਜਾਂਦੀ।ਚਾਹੁੰਦੇ ਕੀ ਸੀਾਓ ਕੇਵਲ ਬਾਪੂ ਦੇ ਨਾਲ ਸ਼ਹਿਰ ਜਾਣਾ।ਬੱਚਿਆਂ ਦਾ ਮਨ ਤਾਂ ਲਲਚਾਉਣਾ ਹੀ ਸੀ ਘਰ ਵਾਲੀ ਦਾ ਮਨ ਵੀ ਡਾਵਾਂ ਡੋਲ ਹੋ ਜਾਂਦਾ।ਉਹ ਵੀ ਸ਼ਹਿਰੋਂ ਮਨ ਪਸੰਦ ਦੀਆਂ ਸ਼ਿੰਗਾਰ ਦੀਆਂ ਵਸਤਾਂ ਲਿਆਉਣਾ ਚਾਹੁੰਦੀ ਪਰ ਜ਼ਿਆਦਾ ਚਾਹਤ ਤਾਂ ਕਿਸੇ ਵੇਲੇ ਮੇਲਿਆਂ ਤੇ ਜਾਕੇ ਖਾਦੀਆਂ ਜਲੇਬੀਆਂ ਜਾਂ ਕਿਸੇ ਰੇੜੀ ਤੇ ਖੜ੍ਹਕੇ ਖਾਦੇ ਗੋਲ ਗੱਪੇ ਤੇ ਚਾਟਖ਼ਮਸਾਲੇ ਲਈ ਜੀਭ ਲਲਚਾ ਜਾਂਦੀ। ਆਨੇ ਬਹਾਨੇ ਬੱਚਿਆਂ ਨੂੰ ਸਮਝਾਉਂਦੀ ਪਰ ਬੱਚੇ ਸੀ ਕਿ ਕਿਸੇ ਦੀ ਮੰਨਦੇ ਹੀ ਨਹੀਂ ਸੀ ਅਜਿਹੇ ਤਰਕ ਦਿੰਦੇ ਕਿ ਮਾਂ ਨੂੰ ਹੀ ਆਪਣੇ ਅਰਮਾਨਾਂ ਦੀ ਬਲੀ ਚੜ੍ਹਾਉਣੀ ਪੈਂਦੀ ਤੇ ਬੱਚਿਆਂ ਵਿੱਚੋਂ ਜਿਹੜਾ ਤੇਜ਼ ਤਰਾਰ ਤੇ ਸ਼ਹਿਰ ਬਾਰੇ ਕੁਝ ਜ਼ਿਆਦਾ ਜਾਣਕਾਰੀ ਹੋਣ ਦਾ ਵਿਖਾਵਾ ਕਰ ਜਾਂਦਾ ਉਹ ਇਸ ਘਰੇਲੂ ਜੰਗ ਨੂੰ ਜਿੱਤ ਜਾਂਦਾ।ਮੰਮੀ ਵੱਲੋਂ ਸਖਤ ਹਦਾਇਤ ਵੀ ਮਿਲ ਜਾਂਦੀ ਕਿ ਕਿਸੇ ਵੀ ਤਰ੍ਹਾਂ ਅੰਗੂਠੇ ਦੀ ਸੀ.ਆਈ.ਡੀ ਸੈਂਟਖ਼ਪਰਸੈਂਟ ਹੋਣੀ ਚਾਹੀਦੀ ਹੈ ਤੇ ਜੇ ਇਸ ਕੰਮ *ਚੋਂ ਫੇਲ੍ਹ ਹੋ ਗਿਆ ਤਾਂ ਘਰੇ ਆਏ ਦੀ ਛਿੱਤਰ ਪ੍ਰੇਡ ਤਾਂ ਹੋਵਗੀ ਹੀ ਤੇ ਨਾਲ ਦੀ ਨਾਲ ਅਗਾਂਹ ਨੂੰ ਸ਼ਹਿਰ ਜਾਣ ਤੇ ਮੁਕੰਮਲ ਪਾਬੰਦੀ ਲੱਗ ਜਾਵੇਗੀਖ਼ ਕੋਰੋਨੇ ਵੇਲੇ ਲੱਗੀਆਂ ਪਾਬੰਦੀਆਂ ਤੋਂ ਵੀ ਸਖਤ।ਮਨ ਵਿੱਚ ਚਾਅ ਤੇ ਜ਼ੋਸ਼ ਵਿੱਚ ਆਇਆ ਬੱਚਾ ਉਦੋਂ ਹਾਂ ਹਾਂ ਕਰੀ ਜਾਂਦਾ ਤੇ ਮੂੰਹ *ਚੋਂ ਇਕ ਦੋ ਲਲਕਰੇ ਵੀ ਨਿਕਲਦੇ।

ਅੰਗੂਠੇ ਦੀ ਸੀ.ਆਈ.ਡੀ ਇਹ ਕਰਨੀ ਹੁੰਦੀ ਸੀ ਕਿ ਬਾਪੂ ਦੋ ਘੜੀਆਂ ਆਰਾਮ ਕਰਨ ਦੇ ਬਹਾਨੇ ਗੱਦੀਆਂ ਤੇ ਬੈਠ,ਪੱਖਿਆਂ ਦੀ ਠੰਡੀ ਠੰਡੀ ਹਵਾ ਤੇ ਕੁਝ ਸ਼ਰਬਤ ਜਾਂ ਚਾਹ ਦੀਆਂ ਚੁਸਕੀਆਂ ਲੈਣ ਲਈ, ਸੇਠਾਂ ਦੀ ਦੁਕਾਨ ਤੇ ਜ਼ਰੂਰ ਜਾਵੇਗਾ *ਤੇ ਉਥੇ ਵੇਖਣਾ ਇਹ ਹੈ ਕਿ ਸੇਠਾਂ ਦੀ ਬਹੀ ਤੇ ਅੰਗੂਠਾ ਆਪਣੀ ਛਾਪ ਛੱਡ ਕੇ ਆਉਂਦਾ ਹੈ ਜਾਂ ਨਹੀਂਾਓ 'ਉਥੇ ਕੀ ਲਿਖਿਆ ਹੈ' ਇਸ ਨੂੰ ਪੜ੍ਹਣ ਤੇ ਜਾਨਣ ਤੋਂ ਬੱਚੇ ਨੂੰ ਛੋਟ ਹੁੰਦੀ ਸੀ ਕਿਉਂਕਿ 'ਲਿਖੇ ਮੂਸਾ ਤੇ ਪੜ੍ਹੇ ਖ਼ੁਦਾ' ਦੇ ਕਹਿਣ ਵਾਂਗੂੰ ਸ਼ਾਹ ਜੀ ਦੀ ਲਿਖੀ ਭਾਸ਼ਾ ਕਿਸੇ ਦੇ ਪੜ੍ਹਣ ਦੇ ਵੱਸ 'ਚ ਨਹੀਂ ਹੁੰਦੀ।ਘਰੋਂ ਸਮਾਨ ਦੀ ਲਿਸਟ ਵੀ ਕਾਫੀ ਵੱਡੀ ਮਿਲੀ ਹੁੰਦੀ ਸੀ ਉਸ ਨੂੰ ਖ੍ਰੀਦਣ ਲਈ ਚਾਹੀਦੇ ਪੈਸੇ ਲੈਣ ਲਈ ਸੇਠਾਂ ਦੀ ਹਾਜ਼ਰੀ ਤਾਂ ਭਰਨੀ ਹੀ ਪੈਂਦੀ ਸੀ।

ਚਲੇ ਜਾਂਦੇ ਸ਼ਹਿਰ,ਨਿਗਰਾਨੀ ਰੱਖਣ ਦਾ ਵਾਅਦਾ ਕਰਕੇ ਆਇਆ ਬੱਚਾ ਵੀ ਮਠਿਆਈ ਚਾਹ ਦੇ ਸੁਆਦਾਂ ਵਿੱਚ ਤੇ ਸ਼ਹਿਰ ਦੀ ਚਕਾ ਚੌਂਧ ਵਿੱਚ ਇੰਨਾਂ ਵਿਅਸਤ ਹੋ ਜਾਂਦਾ ਕਿ ਬਾਪੂ ਦੇ ਅੰਗੂਠੇ ਦੀ ਨਿਗਰਾਨੀ ਦੀ ਡਿਊਟੀ ਨੂੰ ਲੱਤ ਮਾਰ ਕੇ ਆਪਣੇ ਖਾਣਖ਼ਪੀਣ ਤੇ ਸ਼ਹਿਰ ਵੇਖਣ ਦੇ ਸ਼ੌਕ *ਚ ਗੁਲਤਾਨ ਹੋ ਜਾਂਦਾ।ਘਰੇ ਵਾਪਿਸ ਆਕੇ ਸੌ ਝੂਠ ਬੋਲਣ ਤੇ ਵੀ ਉਸ ਨਾਲ ਉਹ ਵਾਪਰਦੀ ਕਿ ਉਹ ਅਗਲੀ ਵਾਰ ਨਾਲ ਜਾਣ ਦਾ ਨਾਂ ਲੈਣ ਤੋਂ ਵੀ ਤ੍ਰਬਕਣ ਲੱਗ ਜਾਂਦਾ।ਪਰ ਫਿਰ ਵੀ ਵਾਰ ਵਾਰ ਇਹ ਇਤਿਹਾਸ ਦੁਹਰਾਇਆ ਜਾਂਦਾ ਰਹਿੰਦਾ ਤੇ ਬਾਪੂ ਦੇ ਅੰਗੂਠੇ ਦੀ ਮਹਾਨਤਾ ਬਰਕਰਾਰ ਰਹਿੰਦੀ।

ਇਸੇ ਅੰਗੂਠੇ ਕਰਕੇ ਉਦੋਂ ਪਿੰਡਾਂ ਵਿੱਚ ਲੜਾਈਆਂ ਦੇ ਹੜ੍ਹ ਵੀ ਆ ਜਾਂਦੇ।ਕਿਉਂਕਿ ਬਾਪੂ ਦਾ ਅੰਗੂਠਾ ਤਾਕਤਵਰ ਹੁੰਦਾਖ਼ਤਾਕਤ ਦੇ ਹੁੰਦਿਆਂ ਹੈਂਕੜਖ਼ਹਊਮੈਂ ਦਾ ਆ ਜਾਣਾ ਕੁਦਰਤੀ ਹੈ।ਘਰ ਵਾਲੀ ਤੇ ਬੱਚਿਆਂ ਨੂੰ ਪੁੱਛੇ ਬਿਨ੍ਹਾਂ ਹੀ ਬਾਪੂ ਕਦੇ ਕਦੇ ਆਪਹੁਦਰੀਆਂ ਕਰ ਜਾਂਦਾ।ਬਾਪੂ ਦੇ ਅੰਗੂਠੇ ਦੀ ਤਾਕਤ ਨੂੰ ਖੇਰੂੰ ਖੇਰੂੰ ਕਰਨ ਲੱਗੀਆਂ ਕੁਝ ਬਾਹਰੀ ਸ਼ਕਤੀਆਂ ਛੜਯੰਤਰ ਰਚਦੀਆਂ ਰਹਿੰਦੀਆਂਖ਼ ਪਿੰਡਾਂ ਵਿੱਚ ਦੇ ਨਸ਼ਿਆਂ ਦੇ ਵਪਾਰੀ ਜਾਂ ਆਂਢੀਆਂ ਗੁਆਢੀਆਂ ਦੀਆਂ ਜ਼ਮੀਨਾਂ *ਤੇ ਅੱਖ ਰੱਖੀ ਬੈਠੀਆਂ ਨਿਗਾਹਾਂ,ਨਾਲ ਅਕਸਰ ਹੀ ਮਾਂ ਅਤੇ ਬੱਚਿਆਂ ਦੇ ਅਲਾਈਂਸ ਦਾ ਇੱਟ ਖੜੱਕਾ ਚੱਲਦਾ ਰਹਿੰਦਾ ਨਾਲ ਦੀ ਨਾਲ ਪਿੰਡ ਦੇ ਛੋਟੇ ਦੁਕਾਨਦਾਰ ਜਿਹਨਾਂ ਦੀ ਪਹੁੰਚ ਬੱਸ ਜ਼ਰਦਾ ਬੀੜੀਆਂ ਤਬਾਕੂੰ ਵੇਚਣ ਤੱਕ ਹੁੰਦੀ ਸੀ ਅਤੇ ਉਹਨਾਂ ਦੀਆਂ ਬਹੀਆਂ ਵੀ ਗੈਂਡੇ ਵੰਨੀ ਮੰਡਲਖ਼ਜ਼ਰਦਾ, ਮੰਡਲਖ਼ ਜ਼ਰਦਾ...... ਸ਼ੋਅ ਕਰੀ ਜਾਂਦੀਆਂ, ਨਾਲ ਕੰਜਰ ਕਲੇਸ਼ ਇਹਨਾਂ ਦਾ ਹੁੰਦਾ ਰਹਿੰਦਾ ਅਤੇ ਪੁਲੀਸ ਵਿਚਾਰੀ ਦੀ ਚਾਂਦੀ ਬਣੀ ਰਹਿੰਦੀ।ਸਮੇਂ ਦੀਆਂ ਸੱਟਾਂ ਸਹਿੰਦਾ ਇਹ ਅੰਗੂਠਾ ਵਕਾਰ ਗੁਵਾਉਣ ਲੱਗ ਪਿਆ।ਆੜਤੀਆਂ ਜ਼ਿੰਮੀਦਾਰਾਂ ਦੇ ਸੰਬੰਧਾਂ ☞


**Free Acupuncture & Cupping**

**MSP Covered Premium Assistance under 10 treatments FREE**

| WE TREAT : | ਅਸੀਂ ਇਲਾਜ ਕਰਦੇ ਹਾਂ : |
| --- | --- |
| • BACK PAIN | • ਪਿੱਠ ਦੀ ਦਰਦ |
| • NECK PAIN | • ਗਰਦਨ ਦੀ ਦਰਦ |
| • HEEL PAIN | • ਅੱਡੀ ਦਾ ਦਰਦ |
| • SHOULDER PAIN | • ਮੋਢਿਆਂ ਦੀ ਦਰਦ |
| • KNEE PAIN | • ਗੋਡਿਆਂ ਦੀ ਦਰਦ |
| • SCIATICA NERVE PAIN | • ਸਕਾਈਟਿਕਾ ਨਰਵ ਦਰਦ |

**BEIJING ACUPUNCTURE & TCM CLINIC**

☎ 778.385.3346






R.AC LEE SEUNG YEON

9631-136A ST SURREY (ACROSS SURREY MEMORIAL HOSPITAL)

EMAIL: gab9113@gmail.com






Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ — Mind is the key to the man.

NATURAL **HOMEOPATHIC** SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

**For Abbotsford**
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

**For Surrey**
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਸਾਲ 2028 ਤੱਕ ਗਰਮੀ ਦਾ ਰਿਕਾਰਡ ਟੁੱਟਣ ਦੀ ਸੰਭਾਵਨਾ



ਸਿਡਨੀ:-ਵਿਸ਼ਵ ਮੌਸਮ ਵਿਗਿਆਨ ਸੰਗਠਨ ਦੀ ਨਵੀਂ ਰਿਪੋਰਟ 'ਚ ਇਹ ਪੇਸ਼ੀਨਗੋਈ ਕੀਤੀ ਗਈ ਹੈ ਕਿ ਅਗਲੇ ਪੰਜ ਸਾਲਾਂ ਦੌਰਾਨ ਇੱਕ ਲਾਜ਼ਮੀ ਤੌਰ 'ਤੇ ਸਭ ਤੋਂ ਵੱਧ ਗਰਮ ਹੋਵੇਗਾ ਅਤੇ ਪੂਰੀ ਸੰਭਾਵਨਾ ਹੈ ਕਿ ਇਸ ਇੱਕ ਸਾਲ ਦਾ ਤਾਪਮਾਨ ਸਨਅਤੀ ਯੁੱਗ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 1.5 ਡਿਗਰੀ ਵਧ ਕੇ ਗਲੋਬਲ ਵਾਰਮਿੰਗ ਦੀ ਹੱਦ ਨੂੰ ਪਾਰ ਕਰ ਜਾਵੇਗਾ। ਇਹ ਰਿਪੋਰਟ ਚਿਤਾਵਨੀ ਦਿੰਦੀ ਹੈ ਕਿ ਜੇਕਰ ਮਨੁੱਖ ਨੇ ਜ਼ਹਿਰੀਲੀਆਂ ਗੈਸਾਂ (ਗਰੀਨ ਹਾਊਸ ਗੈਸਾਂ) ਦੀ ਨਿਕਾਸੀ ਪੂਰੀ ਤਰ੍ਹਾਂ ਨਾ ਤਾਂ ਇਸ ਦਹਾਕੇ ਵਿੱਚ ਭਿਆਨਕ ਗਰਮੀ ਦੇ ਰਿਕਾਰਡ ਟੁੱਟਣਗੇ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਅਗਲੇ ਪੰਜ ਸਾਲਾਂ 'ਚ ਅੰਦਰ ਔਸਤ ਤਾਪਮਾਨ 1.5 ਡਿਗਰੀ ਤਕ ਵੱਧ ਜਾਵੇਗਾ। ਤਾਪਮਾਨ ਵਾਧੇ ਦੀ ਸੰਭਾਵਨਾ 2015 ਤੋਂ ਲਗਾਤਾਰ ਵਧੀ ਹੈ ਜਦੋਂ ਇਹ ਜ਼ੀਰੋ ਦੇ ਕਰੀਬ ਸੀ। 2017 ਅਤੇ 2021 ਵਿਚਾਲੇ ਇਹ ਸੰਭਾਵਨਾ 10 ਫੀਸਦ ਸੀ।

---

☞ ਵਿੱਚ ਕੜੱਤਣਾਂ ਆ ਗਈਆਂ ਤੇ ਇਹੀ ਅੰਗੂਠਾ ਸੇਠਾਂ ਦੀਆਂ ਬਹੀਆਂ ਤੋਂ ਬਾਗੀ ਹੋ ਕੇ ਬੈਕਾਂ ਸਾਹਮਣੇ ਤੇ ਪੁਲੀਸਾਂ ਸਾਹਮਣੇ ਝੁਕਣ ਲੱਗ ਪਿਆ।

ਪਹਿਲਾਂ ਇਹ ਅੰਗੂਠਾ ਤੁਹਾਡੇ ਆਪਸੀ ਸੰਬੰਧਾਂ ਨੂੰ ਪੱਥਰ ਵਰਗਾ ਪੱਕਾ ਬਣਾਈ ਰੱਖਦਾ ਸੀ ਤੇ ਹੁਣ ਇਹ ਅੰਗੂਠਾ ਤੁਹਾਡੇ ਖੁੱਸੇ ਵਿਸ਼ਵਾਸ਼ ਦਾ ਦਿਖਾਵਾ ਬਨਣ ਲੱਗ ਪਿਆ।ਦੇਣਖ਼ਲੈਣ *ਚ ਬੇਵਿਸ਼ਵਾਸ਼ੀ ਪੈਦਾ ਹੋ ਗਈ,ਮੁਕਰਾਖ਼ ਮੁਕਰਾਈ ਸ਼ੁਰੂ ਹੋ ਗਈ ਤੇ ਦੇਣੇ ਪੈਸੇ ਮੁਕਰਣਾ ਅੰਗੂਠਾ ਦਿਖਾਉਣਾ ਹੋ ਪਿਆ।

ਲੜ੍ਹ ਰਹੀਆਂ ਜ਼ਨਾਨੀਆਂ ਦੀ ਲੜਾਈ ਦੇ ਸਿਰੇ ਨੂੰ ਸਿਖਰਾਂ ਵੱਲ ਅੰਗੂਠਾ ਹੀ ਲੈ ਕੇ ਜਾਂਦਾ।ਕਿਉਂਕਿ ਇਕ ਦੂਜੀ ਨੂੰ ਇੱਲਤੀ ਸ਼ਬਦ ਬੋਲਦੀਆਂ,ਮਿਹਣੋ ਮਿਹਣੀ ਹੁੰਦੀਆਂ,ਆਪਣੇ ਘਰਾਂ ਨੂੰ ਚਾਲੇ ਪਾਉਂਦੀਆਂ ਜ਼ਨਾਨੀਆਂ ਪਿੱਛੇ ਮੁੜ ਝਾਕਦੀਆਂ ਇਕ ਦੂਜੀ ਨੂੰ ਅੰਗੂਠਾ ਦਿਖਾਉਦੀਆਂ ਇਉਂ ਲੱਗਦੀਆਂ ਜਿਵੇਂ ਮਿਹਣਿਆਂ ਤੇ ਗਾਲ੍ਹਾਂ ਨੂੰ ਅੰਗੂਠੇ ਦੇ ਰਾਕਟ ਤੇ ਬਿਠਾ ਇਕ ਦੂਜੀ ਕੋਲ ਪਹੁੰਚਾ ਰਹੀਆਂ ਹੋਣ।ਹਾਰ ਮੰਨ ਕੇ ਅੰਗੂਠਾ ਤਾਂ ਵਿਚਾਰਾ ਸਿਰ ਸੁੱਟ ਕੇ ਬੈਠ ਜਾਂਦਾ ਪਰ ਉਂਗਲੀਆਂ ਤੋਂ ਆਪਣੇ ਭਰਾ ਦੀ ਇਹ ਹਾਲਤ ਜ਼ਰੀ ਨਾ ਜਾਂਦੀ ਤੇ ਅੱਜ ਦੀ ਜ਼ਨਾਨੀ ਨੇ ਜਿਵੇਂ ਘਰ ਦੀ ਆਰਥਿਕਤਾ ਨੂੰ ਚਲਾਉਣ ਦਾ ਜ਼ਿੰਮਾ ਸੰਭਾਲ ਕੇ ਬਾਹਰ ਕੰਮ ਕਰਨਾ ਸ਼ੁਰੂ ਕਰ ਲਿਆ ਹੈ ਉਸੇ ਤਰ੍ਹਾਂ ਵਿਚਾਰੀਆਂ ਉਂਗਲਾਂ ਨੇ ਇਹ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਪਰ ਇਸ ਸ਼ਰਤ ਤੇ ਕਿ ਇਕੱਲੀ ਇਕੱਲੀ ਕੰਮ ਕਰਨ ਦੀ ਬਜਾਇ ਦੋ ਜਣੀਆਂ ਰਲ ਕੇ ਕੰਮ ਕਰਾਂਗੀਆਂ, ਕਿਉਂਕਿ ਇਕ ਦੂਜੀ ਨੂੰ ਵੇਖਕੇ ਉਹਨਾਂ ਦਾ ਹੌਸਲਾਂ ਬਣਿਆ ਰਹਿੰਦਾ ਹੈ ਤੇ ਇਸ ਤਰ੍ਹਾਂ ਦੋਨੋਂ ਰਲ ਕੇ 'ਵੀ'ਫਾਰ ਵਿਕਟਰੀ ਦਾ ਨਿਸ਼ਾਨ ਬਣਾ ਕੇ ਚਾਂਭਲਦੀਆਂ ਕਿ ਜਿੱਤ...ਜਿੱਤ, ਸਾਡੀ ਜਿੱਤਭਾਵੇਂ ਅੰਗੂਠਾ ਵੀ ਯਤਨ ਕਰਦਾ ਕਿ ਭੈਣਾਂ ਦੇ ਨਾਲ ਖੜ੍ਹਕੇ ਮੈਂ ਉਹਨਾਂ ਦੀ ਹੌਸਲਾਂ ਅਫਜਾਈ ਕਰਾਂ ਪਰ ਉਹਦੇ ਖੜ੍ਹਣ ਨਾਲ ਵਿਚਾਰੀਆਂ ਉਂਗਲਾਂ ਦਾ ਬਾਲੈਂਸ ਵਿਗੜ ਜਾਂਦਾ ਤੇ ਉਹ ਉਸਨੂੰ ਬੈਠਣ ਲਈ ਮਜਬੂਰ ਕਰ ਦਿੰਦੀਆਂ।

ਅੰਗੂਠੇ ਲਈ ਰੱਬ ਬਣਕੇ ਬਹੁੜੇ ਵਿਗਿਆਨੀ, ਜਿਹਨਾਂ ਨੇ 'ਇਨਫਾਰਮੇਸ਼ਨ ਤਕਨਾਲੋਜੀ' ਵਿੱਚ ਕ੍ਰਾਂਤੀਆਂ ਲਿਆ ਕੇ ਸੋਸ਼ਲ ਮੀਡੀਏ ਦੇ ਸਾਧਨਾਂ ਦਾ ਮੀਂਹ ਵਰ੍ਹਾਤਾ। ਇੰਟਰਨੈਟ ਦਾ ਯੁੱਗ ਤੇ ਸਮਾਰਟ ਫੋਨਾਂ ਦੀ ਹਨੇਰੀ ਆ ਜਾਣ ਕਰਕੇ ਭਾਵੇਂ ਜੀਭਾ ਨੂੰ ਇੰਨਾਂ ਆਰਾਮ ਮਿਲਣ ਲੱਗ ਪਿਆ ਕਿ ਕੁਝ ਸਦੀਆਂ *ਚ ਜੀਭ ਵੀ ਮਿਊਜ਼ੀਅਮ ਦੀ ਇਕ ਵਿਲੱਖਣ ਵਸਤ ਬਣ ਜਾਵੇਗੀ।ਉਂਗਲਾਂ ਨੇ ਸ਼ੁਰੂਆਤੀ ਦੌਰ *ਚ ਰਫਤਾਰ ਪਕੜੀ ਸੀ ਪਰ ਉਹਨੂੰ ਵੀ ਪਾਸੇ ਕਰ ਰਿਹਾ ਹੈਖ਼ ਸਿਰਤਾਜ ਅੰਗੂਠਾ।ਇੰਟਰਨੈਟ ਤਾਂ ਅੰਗੂਠੇ ਲਈ ਰਾਕਟ ਲਾਂਚਰ ਹੀ ਬਣ ਗਿਆ ਜਿਸਨੇ ਅੰਗੂਠੇ ਨੂੰ ਸਾਰੇ ਬ੍ਰਹਿਮੰਡ 'ਚ ਘੁੰਮਾਕੇ ਰੱਖ ਦਿੱਤਾ ਹੈ।ਅੱਜਕੱਲ ਤਾਂ ਅੰਗੂਠੇ ਦਾ ਰੋਅਬ ਨਹੀਂ ਝੱਲਿਆ ਜਾ ਰਿਹਾ।ਹਰ ਇਕ ਸਮਾਰਟ ਫੋਨ ਤੇ ਚੌਂਵੀਂ ਘੰਟਿਆਂ ਵਿੱਚ ਜਿੰਨੇ ਅੰਗੂਠੇ ਨੱਬੇ ਦੇ ਕੋਣ ਤੇ ਵੜ੍ਹੇਦਿਖਾਈ ਦੇ ਜਾਂਦੇ ਨੇ ਉਹਨੇ ਤਾਂ ਬੰਦੇ ਨੂੰ ਸਾਹ ਵੀ ਨਹੀਂ ਆਉਂਦੇ।ਅੰਗੂਠੇ ਦੀ ਪਹੁੰਚ ਵੱਧਦੀ ਜਾਂਦੀ ਹੈ ਤੇ ਸ਼ਬਦਾਂ ਦੇ ਕੱਦ ਪਲ ਪਲ ਬੌਣੇ ਹੁੰਦੇ ਜਾ ਰਹੇ ਹਨ।ਵਾਹ ਵਾਹ, ਸ਼ਾਬਾਸ਼ੇ,ਵਧੀਆ, ਮੁਬਾਰਕਾਂ, ਵਧਾਈਆਂ, ਲਗੇ ਰਹੋ ਆਦਿ ਕਹਿਣ ਲਿਖਣ ਦੀ ਹੁਣ ਲੋੜ ਨਹੀਂ ਬੱਸ ਅੰਗੂਠਾ ਹੀ ਵਿਖਾ ਦਿਉ।ਜਿਵੇਂ ਅੱਜਕੱਲ ਖੇਡ ਜਗਤ ਨੂੰ ਚਮਕਾਉਣ ਲਿਸ਼ਕਾਉਣ ਲੋਕਾਂ ਨੂੰ ਭਰਮਾਉਣ ਲਈ,ਗਲੈਮਰ ਤੇ ਪੈਸੇ ਨੂੰ ਵਰਤਿਆ ਜਾਂਦਾ ਹੈ ਉਵੇਂ ਹੀ ਅੰਗੂਠੇ ਦੀ ਵੱਧ ਤੋਂ ਵੱਧ ਭੱਲ ਬਣਾਉਣ ਲਈ, ਆਪਸ ਵਿੱਚ ਵਲੰਗਣਾ ਪਾਈ ਖੜ੍ਹੀਆਂ ਉਗਲਾਂ ਨੂੰ ਅੰਗੂਠੇ ਦੀ ਬਗਲ *ਚ ਆ ਖੜ੍ਹਦੀਆਂ ਹਨ।ਸੋਸ਼ਲ ਮੀਡੀਏ ਨੇ ਅੰਗੂਠੇ ਨੂੰ ਇੰਨੇ ਅਧਿਕਾਰ ਦੇ ਛੱਡੇ ਨੇ ਕਿ ਤੂੰ ਮੇਰੀ ਜਿੰਨੀ ਮਰਜ਼ੀ ਜ਼ਮੀਨ ਤੇ ਕਬਜ਼ਾ ਕਰੀ ਜਾ ਤੈਨੂੰ ਕੋਈ ਨਹੀਂ ਰੋਕੇਗਾ।ਜੇ ਕਦੇ ਜਗਾਹ ਘੱਟ ਲੱਗੇ ਤਾਂ ਨਿਧੜਕ ਹੋਕੇ ਅੱਖਰਾਂ ਨੂੰ ਧੱਕਾ ਮਾਰ ਦਈਂ, ਆਪਾਂ ਉਹਨਾਂ ਸਹੁਰਿਆਂ ਤੋਂ ਕੀ ਲੈਣੇ? ਜਦੋਂ ਤੇਰੇ ਇਕੱਲੇ ਨਾਲ ਹੀ ਸਾਰਾ ਕੰਮ ਚੱਲ ਸਕਦੈ ਤਾਂ ਸ਼ਬਦਾਂ ਦੀ ਹੇੜ ਇਕੱਠੀ ਕਰਣ ਦੀ ਲੋੜ ਕੀ ਏ?



ਮੰਗਤ ਕੁਲਜਿੰਦ ਵੱਟਸਐਪ + 1 425 286 0163 ਸਿਆਟਲ











LIQUOR discounter
Friday May 5th 2023 until Sunday June 4th 2023
$94.99 GREY GOOSE 1.75L
$75.99 JAMESON 1.75L
$64.99 GLENLIVET FOUNDERS RESERVE 750ML
$58.99 JOHNNIE WALKER BLACK LABEL 750ML
$56.99 1.75L KHALUA $24.99 750ML
$52.99 1.75L CROWN ROYAL $25.99 750ML
$52.99 ABSOLUT VODKA 1.75L
$51.99 SMIRNOFF VODKA 1.75L
$51.99 DEWARS 1.75L
$51.99 1.14L JAMESON $34.99 750ML
$45.99 CIROC BLUE RED BERRY 750ML
$38.99 BALLANTINES 1.14L
$38.99 CAPTAIN MORGAN SPICED 1.14L
$37.99 1.14L ABSOLUT VODKA $23.99 750ML
$35.99 WISERS 1.14L
$33.99 JAGERMEISTER 750ML
$33.99 EL JIMADOR BLANCO 750ML
$33.99 JOSE CUERVO GOLD 750ML
$30.99 FIREBALL 1.14L
$28.99 BAILEYS ORIGINAL 750ML
$26.99 TANQUERAY GIN 750ML
$25.99 STOLICHNAYA VODKA 750ML
$25.99 DEWARS 750ML
$49.99 1.75L BACARDI WHITE $21.99 750ML
BELOW Government Store Prices!
$38.99 COPPER MOON CAB SAUV SHIRAZ 4L
$37.99 BODACIOUS SMOOTH RED SMOOTH WHITE 4L
$15.99 JACKSON TRIGGS CAB SAUV PINOT GRIGIO 1.5L
$13.99 GATO CAB SAUV SAUV BLANC 1.5L
$13.49 YELLOW TAIL BUBBLES 750ML
$12.49 WOODBRIDGE CAB SAUV CHARDONNAY 750ML
$11.79 YELLOW TAIL SHIRAZ 750ML
$10.99 BAREFOOT PINK PINOT GRIGIO MOSCATO 750ML
$10.99 JACOBS CREEK MOSCATO 750ML
$10.49 BASK PINOT NOIR SAUV BLANC ROSE 750ML
$14.99 PELLER ESTATES CAB SAUV 1.5L
$7.79 BLACK CELLAR MALBEC MERLOT SHIRAZ CAB 750ML
SHOP & SAVE! Rewards Program
See in-store for details
$9.49 BODACIOUS SMOOTH RED SMOOTH WHITE 750ML
$18.99 JOSH CAB SAUV 750ML
$55.99 BUDWEISER 36 CANS
$48.99 STELLA ARTOIS 24 BOTTLES
$41.99 MICHELOB ULTRA 24 CANS
$35.99 PABST 24 CANS
$29.49 PACIFIC PILSNER 24 CANS
$25.99 HEINEKEN 12 BOTTLES OR 12 CANS
$25.99 CORONA 12 BOTTLES OR 12 CANS
$23.49 GUINESS 8 CANS
$22.99 OLD MILWAUKEE 15 CANS
$22.49 SLEEMANS HONEY BROWN 12 BOTTLES
$20.99 STANLEY PARK CONCESSION STAND 12 CANS
$26.49 NUDE LEMONADE MIXER 12 CANS
$25.99 WHITE CLAW VARIETY PACK 12 CANS
$26.49 DILLONS GIN 12 CANS
$25.99 WHITE CLAW ICED TEA 12 CANS
$25.99 NUTRL 12 CANS
$22.99 HEY Y'ALL LEMONADE 12 CANS
$21.99 HEY Y'ALL ORIGINAL 12 CANS
PRICE BEAT GUARANTEE!
$21.99 STRONGBOW 8 CANS
$9.99 GROWERS APPLE PEACH 2L
8473 - 120 Street, Delta 604.592.2599
14357 - 104 Ave, Surrey 778.293.1964
LiquorDiscounter.ca
follow us on facebook
Prices exclude tax and deposits and are subject to change without notice.

CMA 2023 AWARD WINNER

# Mortgage Broker of the Year BC



PURCHASE
QUICK APPROVAL
REFINANCE
RENEWAL



**Raj Gill**, AMP
VANCOUVER
Unit 200-6330 Fraser St
E: airraj@shaw.ca
604 564 1000

Our Symbol of Care & Service
**Superior Mortgage**
*The Banking Alternative*
www.QUICKAPPROVAL.ca

**Sharnjit S Gill**, AMP
SURREY
Unit 244 8138 128 St,
E: sharnjitgill@shaw.ca
604 507 1000

WE CELEBRATE OVER
**ONE BILLION**
IN MORTGAGES FUNDED!

*Some conditions apply.

• Free* Half Legal Fee • Cash Back up to $4,000*




CENTURY 21 Coastal Realty Ltd.
SB SHAWN BHATT REALTOR




SOLD

# BUYING OR SELLING?



LETS WORK TOGETHER! I'M IN YOUR CORNER!

EXCLUSIVE LISTING
60 Acres in Leduc County.
Close to Amazon, the international airport.
Prime industrial area!
Hold now or build.

LIST WITH THE NO.1 REAL ESTATE BROKERAGE IN THE FRASER VALLEY

SHAWN BHATT
604-690-8586
www.shawnbhatt.com
7928 128 St #105, Surrey, BC V3W 4E8

HONESTY | INTEGRITY | RELIABILITY

TVTL
TAJVEER TRANSPORT LTD.

# TAJVEER
## TRANSPORT LTD.

ਸਾਨੂੰ ਕਨੇਡਾ/ਅਮਰੀਕਾ ਰੂਟਾਂ ਲਈ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ




Ph:604-951-1515 Toll Free:1-855-882-1515
19910-16th Ave, Langley BC V2Z 1K1
Email:info@tajveertransport.com sales@tajveertransport.com

# .Ck Auto.

## CK AUTO SERVICES LTD.

SALE — BUY 4 TIRES & GET ALLIGNMENT AT 1/2 PRICE
FLAT TYRE REPAIR FREE

NEW




40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

**Clearance Sale**
*Limited Quantity

On All Seasons & Winter Tires
(Auplus & Comforser)



TARSHOTAM BIRAN

**215/70R16 COMFORSER**
Reg: ~~$155.00~~
Now : $70.00



**235/65R17 COMFORSER**
Reg: ~~$220.00~~
Now : $95.00



**245/65R17 COMFORSER**
Reg: ~~$240.00~~
Now : $100.00



**215/70R15 GOOD YEAR INTEGRITY**
Reg: ~~$120.00~~
Now : $90.00



**SALE**

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ
ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

SARDAR JI CATERING

**#1 Services On Your Special Events**

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com

# Furniture Land

Furnishing Your Home For Less

# VISAKHI SALE

Store Hours
Mon-Sun 10am. to 6pm.

## 2 Locations

### SURREY

13581 77th Avenue,
Surrey, BC V3W 6Y2
PH:(604) 591-9595
info@furnitureland.ca

### RICHMOND

12180 Bridgeport Road,
Richmond, BC V6V 1J3
PH: (604) 278-9595
richmond@furnitureland.ca















# ਸ. ਜਰਨੈਲ ਸਿੰਘ ਪੁਰੇਵਾਲ ਜੀ ਨੂੰ ਜਨਮ ਦਿਨ ਮੁਬਾਰਕ



ਸਰੀ(ਪੰਧੇਰ ਗੁਰਸੇਵ ਸਿੰਘ):ਪੰਥਕ ਆਗੂ ਸ. ਜਰਨੈਲ ਸਿੰਘ ਪੁਰੇਵਾਲ ਜੋ ਲੰਮੇ ਸਮੇਂ ਤੋਂ ਸਿੱਖ ਕੌਮ ਦੀ ਸੇਵਾ ਕਰ ਰਹੇ ਹਨ ਅਤੇ ਅੱਜ ਕੱਲ ਸਰੀ ਵਿੱਚ ਆਪਣੇ ਪ੍ਰੀਵਾਰ ਕੋਲ ਰਹਿ ਰਹੇ ਹਨ। ਉਨ੍ਹਾਂ ਦੇ ਸਮੁੱਚੇ ਪ੍ਰੀਵਾਰ ਨੇ ਉਨਾਂ ਦਾ 83ਵਾਂ ਜਨਮ ਦਿਨ ਬਹੁਤ ਹੀ ਖੁਸ਼ੀਆਂ ਨਾਲ ਮਨਾਇਆ। ਇਸ ਸਮੇਂ ਉਨ੍ਹਾਂ ਦੇ ਸਪੁੱਤਰ, ਨੂਹਾਂ, ਧੀਆਂ ਜਵਾਈ, ਪੋਤਰੇ, ਪੋਤਰੀਆਂ, ਪੜਪੋਤੀਆਂ ਅਤੇ ਪੜਧੋਤੇ, ਪੜਧੋਤੀਆਂ ਸਭ ਨੇ ਮਿਲ ਕੇ ਕੇਕ ਕੱਟਿਆ।

## ਕੈਮਰਾ ਬੋਲਦੈ

### ਕੈਨੇਡਾ 'ਚ ਪੰਜਾਬ ਵਰਗਾ ਮਹੌਲ



ਸਰੀ( ਪੰਧੇਰ ਗੁਰਸੇਵ ਸਿੰਘ) ਪੰਜਾਬੀ ਜਿਥੇ ਵੀ ਜਾਂਦੇ ਹਨ ਆਪਣੇਂ ਮਿਲਾਪੜੇ ਸੁਭਾਅ ਅਨੁਸਾਰ ਮਹੌਲ ਸਿਰਜ ਲੈਂਦੇ ਹਨ। ਜਿਵੇਂ ਪੰਜਾਬ ਵਿੱਚ ਕਪਾਹ ਚੁਗਦਿਆਂ ਜਾਂ ਕੰਮਕਾਰ ਕਰਦਿਆਂ ਇਕੱਠੇ ਬਹਿ ਕੇ ਚਾਹ ਪਾਣੀ ਪੀਂਦੇ ਸਨ। ਉਸੇ ਤਰਾਂ ਸਰੀ ਵਿੱਚ ਵੀ ਕੰਮ ਉਪਰ ਇਕੱਠਿਆ ਬਹਿ ਕੇ ਚਾਹ ਦਾ ਅਨੰਦ ਵੀ ਲੈ ਰਹੇ ਹਨ ਅਤੇ ਪੰਜਾਬ ਦਾ ਮਹੌਲ ਵੀ ਸਿਰਜ ਰਹੇ ਹਨ ਸਾਡੇ ਮਿਹਨਤੀ ਲੋਕ।

## 700 ਪੰਜਾਬੀ ਵਿਦਿਆਰਥੀਆਂ ਦੀ ਆਖਰੀ ਉਮੀਦ ਵੀ ਹੋਈ ਖ਼ਤਮ

ਐਡਮਿੰਟਨ:ਕੈਨੇਡਾ ਵਿਚ ਡਿਪੋਰਟੇਸ਼ਨ ਦਾ ਸਾਹਮਣਾ ਕਰ ਰਹੇ ਸੈਂਕੜੇ ਪੰਜਾਬੀ ਵਿਦਿਆਰਥੀਆਂ ਦੀ ਆਖਰੀ ਉਮੀਦ ਵੀ ਖ਼ਤਮ ਹੋ ਗਈ ਜਦੋਂ ਇੰਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ ਨੇ 25 ਸਾਲ ਦੀ ਕਰਮਜੀਤ ਕੌਰ ਨੂੰ 29 ਮਈ ਤੱਕ ਡਿਪੋਰਟ ਕਰਨ ਦੇ ਹੁਕਮ ਦੇ ਦਿਤੇ। ਇੰਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਕਰਮਜੀਤ ਕੌਰ ਦੇ ਮਾਮਲੇ ਵਿਚ ਆਇਆ ਫੈਸਲਾ ਹੋਰਨਾਂ ਨੂੰ ਵੀ ਸਿੱਧੇ ਤੌਰ 'ਤੇ ਪ੍ਰਭਾਵਤ ਕਰ ਸਕਦੈ ਅਤੇ ਉਨ੍ਹਾਂ ਨੂੰ ਵੀ ਰਾਹਤ ਮਿਲਣ ਦੇ ਆਸਾਰ ਨਜ਼ਰ ਨਹੀਂ ਆਉਂਦੇ।

## ਕੈਨੇਡਾ 'ਚ ਵਿਦੇਸ਼ੀ ਦਖਲ ਬਾਰੇ ਨਹੀਂ ਹੋਵੇਗੀ 'ਜਨਤਕ ਪੜਤਾਲ'

ਔਟਵਾ:ਕੈਨੇਡੀਅਨ ਸਿਆਸਤ ਵਿਚ ਵਿਦੇਸ਼ੀ ਦਖਲ ਬਾਰੇ ਕਿਸੇ ਜਨਤਕ ਪੜਤਾਲ ਦੀ ਜ਼ਰੂਰਤ ਨਹੀਂ ਪਰ ਮੁਲਕ ਦੀ ਚੋਣ ਪ੍ਰਕਿਰਿਆ ਉਪਰ ਲੋਕਾਂ ਦਾ ਵਿਸ਼ਵਾਸ ਵਧਾਉਣ ਲਈ ਸੰਸਦ ਅਤੇ ਖੁਫੀਆ ਏਜੰਸੀਆਂ ਨੂੰ ਵਧੇਰੇ ਕਾਰਗਰ ਤਰੀਕੇ ਅਖਤਿਆਰ ਕਰਨੇ ਹੋਣਗੇ। ਲਿਬਰਲ ਸਰਕਾਰ ਵਲੋਂ ਵਿਦੇਸ਼ੀ ਦਖਲ ਦੇ ਮੁੱਦੇ 'ਤੇ ਨਿਯੁਕਤ ਵਿਸ਼ੇਸ਼ ਦੂਤ ਡੇਵਿਡ ਜੌਹਨਸਟਨ ਵੱਲੋਂ ਆਪਣੀ ਰਿਪੋਰਟ ਵਿਚ ਇਹ ਸਿਫ਼ਾਰਸ਼ ਕੀਤੀ ਗਈ ਹੈ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਸਰਕਾਰ ਇਸ ਸਿਫ਼ਾਰਸ਼ ਦੀ ਪਾਲਣਾ ਕਰੇਗੀ।







# ਮਦਰ ਇੰਡੀਆ

## CELEBRATING




IN BUSSINESS




ਗੋਡਿਆਂ ਮੋਢਿਆਂ ਦੇ ਦਰਦ ਤੋਂ ਨਿਜਾਤ ਪਾਉਣ ਲਈ ਮਦਰ ਇੰਡੀਆ ਦੀ ਖਾਲਸ ਸ਼ਿਲਾਜੀਤ ਵਰਤੋ ਜੋ ਅਨਰਜੀ ਬੂਸਟ ਲਈ ਅਤਿਅੰਤ ਲਾਹੇਵੰਦ ਹੈ

Mother India



ਨਰੇਸ਼ ਸ਼ੁਕਲਾ

Email:nareshcanada@hotmail.com

6647-Main Street (50th Ave.)
Vancouver BC V5X 3H3




ਮਦਰ ਇੰਡੀਆ ਹਰਬਲ ਸ਼ੈਂਪੂ ਹੁਣ 8 ਰੰਗਾਂ ਵਿਚ ਮਿਲਦਾ ਹੈ

TEL: 604-430-6072

# ਦਲਿਤ ਜੰਮਣ ਦਾ ਕਲੰਕ ਕਦੋਂ ਮਿਟੇਗਾ?

ਭਾਰਤ ਅੰਦਰ ਬ੍ਰਾਹਮਣ ਸਰਵਉੱਚਤਾਵਾਦੀ ਕੁਲੀਨ ਤੰਤਰ ਸਮਾਜ ਅਤੇ ਰਾਜ ਦੀ 'ਚਤੁੱਰਵਰਨ' ਸੋਚ ਏਨੀ ਡੂੰਘੀ, ਸਥਾਈ, ਪੇਚਦਾਰ ਅਤੇ ਪ੍ਰਭਾਵਸ਼ਾਲੀ ਸਾਬਤ ਹੋਈ ਹੈ ਕਿ ਤਿੰਨ ਹਜ਼ਾਰ ਸਾਲ ਤੋਂ ਪਹਿਲਾਂ ਇਸ ਦੁਆਰਾ ਲਾਗੂ ਕੀਤੀ ਸਮਾਜਿਕ ਵਰਨ ਵੰਡ ਅੱਜ ਵੀ ਨਾ ਸਿਰਫ਼ ਨਿਰੰਤਰ ਜਾਰੀ ਹੈ ਬਲਕਿ ਹੁਣ ਤਾਂ ਇਹ ਵਿਦੇਸ਼ਾਂ ਵਿਚ ਵੀ ਉਨੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੱਸਰ ਚੁੱਕੀ ਹੈ ਜਿੱਥੇ-ਜਿੱਥੇ ਭਾਰਤੀ ਜਾ ਵੱਸੇ ਹਨ।ਮਨੂੰ ਰਿਸ਼ੀ ਨੇ ਇਸ ਵਰਣ ਵੰਡ ਨੂੰ ਕਿੱਤੇ ਅਧਾਰਿਤ ਲਾਗੂ ਕਰਨ ਦੀ ਗੱਲ ਜ਼ਰੂਰ ਕਹੀ ਪਰ ਉਹ ਕਿਸੇ ਨੇ ਮੰਨੀ ਨਹੀਂ। ਇਸ ਨੂੰ ਪਰਿਵਾਰ ਅਤੇ ਜਾਤੀ ਅਧਾਰਿਤ ਪ੍ਰਪੱਕ ਕੀਤਾ ਗਿਆ। ਇਹ ਵਰਣ ਵੰਡ ਹਿੰਦੂ ਮਿੱਥਹਾਸ ਅਨੁਸਾਰ ਮਾਨਵ ਉਤਪਤੀ ਕਰਨ ਵਾਲੇ ਅਵਤਾਰ ਬ੍ਰਾਹਮਾ ਦੇ ਸਰੀਰ ਦੀ ਵੰਡ ਅਨੁਸਾਰ ਕੀਤੀ। ਉਸ ਦੇ ਮਸਤਕ ਵਿਚੋਂ ਉਪਜੀ ਪ੍ਰਬੁੱਧ ਅਤੇ ਪੁਜਾਰੀ ਜਮਾਤ ਬ੍ਰਾਹਮਣ, ਭੁਜਾਵਾਂ ਵਿਚੋਂ ਪ੍ਰਕਰਮੀ ਕਸ਼ਤਰੀ, ਜੰਘਾਂ ਵਿਚੋਂ ਵਪਾਰੀ-ਕਾਰੋਬਾਰੀ ਵੈਸ਼ਨਵ, ਪੈਰਾਂ ਵਿਚੋਂ ਸ਼ੂਦਰ ਭਾਵ ਕਿਰਤੀ-ਕਾਮੇ ਤੇ ਨੀਚ ਕੰਮ ਕਰਨ ਵਾਲੇ।ਭਾਰਤ ਦੇ ਵਿਸ਼ਵ ਗੁਰੂ ਨਾ ਬਣਨ, ਅਵਿਕਸਤ ਅਤੇ ਲੰਬਾ ਸਮਾਂ ਗੁਲਾਮ ਰਹਿਣ ਦਾ ਮੁੱਖ ਕਾਰਨ ਇਹ ਵਰਣ ਵੰਡ ਹੈ। ਸਮੇਂ-ਸਮੇਂ ਸਿਰ ਇਸ ਨੂੰ ਤੋੜਨ ਜਾਂ ਕਮਜ਼ੋਰ ਕਰਨ ਵਿਚ ਕਈ ਉਪਰਾਲੇ ਕੀਤੇ ਜਾਂਦੇ ਰਹੇ। ਜੈਨ, ਬੁੱਧ ਧਰਮਾਂ, ਮੱਧਕਾਲੀ ਸੰਤਾਂ-ਮਹਾਤਮਾਂ-ਗੁਰੂਆਂ-ਪੀਰਾਂ ਅਤੇ ਆਧੁਨਿਕ ਸਿੱਖ ਧਰਮ ਅਤੇ ਇਸ ਦੁਆਰਾ ਖਾਲਸਾ ਪੰਥ ਸਾਜਨਾ ਨਾਲ ਇਸ ਸਮਾਜ, ਦੇਸ਼ ਅਤੇ ਭਾਈਚਾਰਕ ਸਾਂਝ ਘਾਤੀ ਵਰਣ ਵੰਡ ਦੇ ਲੱਕ ਤੋੜਨ ਦੇ ਯਤਨ ਕੀਤੇ ਗਏ। ਦੇਸ਼ ਅਜ਼ਾਦੀ ਬਾਅਦ ਭਾਰਤੀ ਸੰਵਿਧਾਨ ਦੀ ਰਚਨਾ ਨਾਲ ਕਾਨੂੰਨ ਦੇ ਰਾਜ ਰਾਹੀਂ ਇਸ ਦੇ ਖਾਤਮੇ ਦਾ ਵੱਡਾ ਉਪਰਾਲਾ ਕੀਤਾ ਗਿਆ। ਇਸ ਦੀ ਉਲੰਘਣਾ ਕਰਨ 'ਤੇ ਸਜ਼ਾਵਾਂ ਦਾ ਪ੍ਰਬੰਧ ਵੀ ਕੀਤਾ ਗਿਆ। ਪਰ ਸਭ ਨਿਸਫਲ।ਪਰ ਪਿੱਛਲੇ 73 ਸਾਲਾਂ ਦੇ ਕਮਜ਼ੋਰ ਤੇ ਦੰਦਾਂ ਰਹਿਤ ਬੋੜੇ ਰਾਜ ਦੇ ਅਮਲ ਤੋਂ ਪਤਾ ਚਲਦਾ ਹੈ ਕਿ ਉਹ ਇਸ ਦੀ ਉਪਰਲੀ ਪਰਤ 'ਤੇ ਘੜੀਸ ਵੀ ਨਹੀਂ ਉਕਰ ਸਕਿਆ। ਮਨ, ਰੂਹ ਅਤੇ ਆਤਮਾ ਵਿਚਲਤ ਹੋ ਉੱਠਦੇ ਹਨ ਕਿ ਇਹ ਭਾਰਤੀ ਬ੍ਰਾਹਮਣ ਸਰਵਉੱਚਤਾ ਕੁਲੀਨਤੰਤਰ ਦੀ ਕਿੱਡੀ ਸਦੀਵੀ ਕਲੰਕਿਤ ਭਰੀ ਸਾਜ਼ਿਸ਼ ਹੈ। ਇਹ ਜਮਾਤ ਆਪਣੇ ਵਿਸ਼ੇਸ਼ਾਧਿਕਾਰ ਲਗਾਤਾਰ ਭਾਰਤ ਅਤੇ ਹੁਣ ਵਿਦੇਸ਼ਾਂ ਵਿਚ ਲਾਗੂ ਕਰ ਰਹੀ। ਦੇਸ਼ ਅੰਦਰ ਜਿਵੇਂ ਰਾਜ, ਇਸ ਦੀਆਂ ਅਹਿਮ ਸੰਸਥਾਵਾਂ ਜਿਵੇਂ ਕਾਰਜਪਾਲਕਾ, ਵਿਧਾਨਪਾਲਕਾ, ਨਿਆਂਪਾਲਕਾ, ਮੀਡੀਆ, ਪ੍ਰਸਾਸ਼ਨ, ਰਾਜਨੀਤੀ ਅਤੇ ਸਮਾਜ 'ਤੇ ਇਸ ਦਾ ਪ੍ਰੱਭੂਤਵ ਕਾਇਮ ਹੈ, ਉਵੇਂ ਹੀ ਵਿਦੇਸ਼ਾਂ ਦੀ ਰਾਜਨੀਤੀ, ਰਾਜਤੰਤਰ, ਉਸਦੀਆਂ ਪ੍ਰਮੁੱਖ ਸੰਸਥਾਵਾਂ ਤੇ ਇਸ ਸਰਵਉੱਚਤਾਵਾਦੀ ਕੁਲੀਨਤੰਤਰ ਜਮਾਤ ਦਾ ਪ੍ਰਭਾਵ ਵੱਧ ਰਿਹਾ ਹੈ।ਅਮਰੀਕਾ, ਕੈਨੇਡਾ, ਯੂ.ਕੇ., ਜਰਮਨੀ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਹੋਰ ਤਾਕਤਵਰ ਪੱਛਮੀ ਦੇਸ਼ਾਂ ਦੇ ਸਿਖ਼ਰਲੇ ਰਾਜਨੀਤਕ, ਪ੍ਰਸਾਸ਼ਨਿਕ ਅਤੇ ਰਾਜਕੀ ਪਾਏਦਾਨਾਂ ਤੱਕ ਇੰਨ੍ਹਾ ਦੀ ਹੱਕ-ਰਸਾਈ ਕਾਇਮ ਹੈ। ਉਨ੍ਹਾਂ ਦੀ ਲੋਕਤੰਤਰ ਪ੍ਰਣਾਲੀ, ਰਾਜ ਅਤੇ ਪ੍ਰਸਾਸ਼ਨ ਇੰਨ੍ਹਾ ਨਾਲ ਦਸਤ-ਪੰਜਾ ਲਈ ਬੈਠਾ ਹੈ। ਭਾਰਤ ਅੰਦਰ ਬਾਬੂ ਕਾਸ਼ੀ ਰਾਮ ਵਲੋਂ ਗਠਤ ਡੀ.ਐਸ.ਫੋਰ ਸਮਾਜਿਕ ਅਤੇ ਬਹੁਜਨ ਸਮਾਜ ਪਾਰਟੀ ਰਾਜਨੀਤਕ ਵਿੰਗ ਜੋ ਯੂ.ਪੀ. ਵਿਚ ਕੁਮਾਰੀ ਮਾਇਆਵਤੀ ਦੀ ਅਗਵਾਈ ਵਿਚ ਚਾਰ ਵਾਰ ਸੱਤਾ ਵਿਚ ਰਿਹਾ, ਹੋਰ ਰਾਜ ਵਿਧਾਨ ਸਭਾਵਾਂ ਅਤੇ ਸੰਸਦ ਵਿਚ ਪ੍ਰਤੀਨਿਧਤਾ ਹਾਸਿਲ ਕਰਨ ਵਿਚ ਸਫਲ ਰਿਹਾ ਪਰ ਕਲੰਕਿਤ ਜਾਤੀਵਾਦੀ-ਪਰਿਵਾਦਵਾਦੀ ਵਰਣ ਵੰਡ ਦਾ ਕੁੱਝ ਨਾ ਵਿਗਾੜ ਸਕਿਆ, ਬਲਕਿ ਬ੍ਰਾਹਮਣਵਾਦ ਨਾਲ ਸਮਾਜਿਕ, ਰਾਜਨੀਤਕ, ਸਭਿਆਚਾਰਕ ਅਡਜੈਸਮੈਂਟ ਆਪਣੀ ਰਾਜਨੀਤਕ ਹੋਂਦ ਕਰਨ ਲਈ ਵਿਵਸ਼ ਵਿਖਾਈ ਦਿਤਾ।

ਅਮਰੀਕੀ ਬਲੈਕ ਪੈਂਥਰਜ਼ ਵਾਂਗ ਭਾਰਤ ਵਿਚ ਵੀ ਕਰੀਬ ਇੱਕ ਹਜ਼ਾਰ ਤੋਂ ਵੀ ਵੱਧ ਦਲਿਤ ਅਤੇ ਸੂਚੀ ਦਰਜ ਜਾਤੀਆਂ ਨੇ 'ਦਲਿਤ ਪੈਂਥਰਜ਼' ਸੰਸਥਾ ਸਥਾਪਿਤ ਕੀਤੀ।ਪਰ ਜਿਵੇਂ ਅਮਰੀਕਾ ਵਿਚ 'ਬਲੈਕ ਪੈਂਥਰਜ਼' ਨਾਕਾਮ ਸਿੱਧ ਹੋਏ ਉਵੇਂ ਹੀ ਭਾਰਤ ਵਿਚ ਦਲਿਤ ਪੈਂਥਰਜ਼।ਨਾ ਵਿੱਦਿਆ, ਨਾ ਭਾਰਤੀ ਸੰਵਿਧਾਨ ਅਨੁਸਾਰ ਰਾਖਵਾਂਕਰਨ, ਨਾ ਹੀ ਦਲਿਤ ਬਹੁਜਨ ਸਮਾਜ ਅਧਾਰਿਤ ਰਾਜਨੀਤਕ ਸੰਸਥਾਵਾਂ ਦੇਸ਼-ਵਿਦੇਸ਼ ਅੰਦਰ ਇਸ ਵਰਗ ਨੂੰ ਸਮਾਜਿਕ ਬਰਾਬਰੀ, ਆਰਥਿਕ ਸੁਰਖਿਆ ਅਤੇ ਇਨਸਾਫ ਦੁਆ ਸਕੇ ਹਨ।ਦਲਿਤ, ਸੂਚੀ ਦਰਜ ਜਾਤਾਂ ਅਤੇ ਕਬਾਇਲੀਆਂ ਦੇ ਕਈ ਪਿੰਡਾਂ, ਕਸਬਿਆਂ ਅਤੇ ਬਸਤੀਆਂ ਵਿਚ ਵੱਖਰੇ ਘਰ, ਰਸਤੇ, ਸਕੂਲਾਂ ਵਿਚ ਵੱਖਰੇ ਟਾਟ ਜਾਂ ਡੈਸਕ, ਵੱਖਰਾ ਪਾਣੀ ਅਤੇ ਬਰਤਨ, ਉੱਚ ਜਾਤੀ ਖੂਹਾਂ 'ਤੇ ਚੜ੍ਹਨ ਅਤੇ ਮੰਦਰਾਂ ਵਿਚ ਜਾਣ 'ਤੇ ਮਨਾਹੀ ਜਾਰੀ ਹੈ। ਸੰਵਿਧਾਨਕ ਪ੍ਰਕ੍ਰਿਆ ਤਹਿਤ ਉਹ ਪਿੰਡ ਦੇ ਸਰਪੰਚ, ਮਿਊਂਸਪਲ ਕਮੇਟੀਆਂ ਦੇ ਪ੍ਰਧਾਨ ਚੁਣੇ ਜਾਂਦੇ ਹਨ ਪਰ ਪ੍ਰਸਾਸ਼ਨ ਚਲਾਉਣ ਅਤੇ ਨਿਰਣੇ ਲੈਣ ਦਾ ਅਧਿਕਾਰ ਉੱਚ ਜਾਤਾਂ ਦੇ ਮੈਂਬਰ ਉਨ੍ਹਾ ਤੋਂ ਖੋਹ ਲੈਂਦੇ ਹਨ। ਭਾਰਤੀ ਸੰਵਿਧਾਨ, ਰਾਜ, ਲੋਕਤੰਤਰੀ ਸੰਸਥਾਵਾਂ ਮੂਕ ਦਰਸ਼ਕ ਬਣੀਆਂ ਤੱਕਦੀਆਂ ਰਹਿੰਦੀਆਂ ਹਨ।

ਕਿੰਨਾ ਸ਼ੈਤਾਨ, ਪ੍ਰਭਾਵਸ਼ਾਲੀ ਤੇ ਕਪਟੀ ਹੈ ਇਹ ਸਰਵਉੱਚਵਾਦੀ ਬ੍ਰਾਹਮਣਵਾਦ, ਜਾਤੀਵਾਦ ਅਤੇ ਇੰਨ੍ਹਾ ਦਾ ਧੌਂਸਵਾਦ ਕਿ ਵਿਦੇਸ਼ਾਂ ਵਿਚ ਵੀ ਇਹ ਨਫਰਤ, ਵਿਰੋਧ, ਕੁਲੀਨਤੰਤਰ ਸਥਾਪਨਾ ਲਈ ਫੌਲਾਦ ਅਤੇ ਬੁਲੇਟ ਪਰੂਫ ਕੰਧਾਂ ਉਸਾਰ ਰਿਹਾ ਹੈ। ਭਾਰਤੀ ਸਭਿਆਚਾਰ ਹੀ ਨਹੀਂ ਵਿਦੇਸ਼ੀ ਸਭਿਆਚਾਰ, ਸੰਗੀਤ, ਭਾਸ਼ਾ, ਨਾਟਸ਼ਾਲਾ, ਫਿਲਮਸਤਾਨ ਅਤੇ ਨਿੱਤ-ਪ੍ਰਤੀ ਸਮਾਜਿਕ ਵਰਤਾਰੇ ਤੇ ਪ੍ਰਭਾਵਸ਼ਾਲੀ ਬਣਿਆ ਪਿਆ ਹੈ। ਯੋਗ ਵਿੱਦਿਆ, ਯੋਗ ਅਭਿਆਸ, ਖਾਣ-ਪੀਣ ਦੇ ਸਿਸਟਮ 'ਤੇ ਜਕੜ ਮਾਰ ਰਿਹਾ ਹੈ।ਹਸਤਰੇਖਾ, ਜਨਮ ਪੱਤਰੀ, ਜਨਮ ਕੁੰਡਲੀ, ਮਸਤਕ ਰੇਖਾ, ਕਾਲਾ ਜਾਦੂ, ਟੂਣੇ-ਟਾਮਣਿਆਂ ਦੇ ਆਲੀਸ਼ਾਨ ਦਫਤਰ ਖੋਲੀ ਬੈਠਾ ਹੈ। ਗੋਰੇ, ਕਾਲੇ, ਸਥਾਨਿਕ, ਹਿਸਪੈਨਿਕ ਅਤੇ ਹੋਰ ਰੰਗਾਂ, ਜਾਤਾਂ, ਮਜ਼ਹਬਾਂ, ਇਲਾਕਿਆਂ ਦੇ ਲੋਕਾਂ ਨੂੰ ਮੂਰਖ ਬਣਾਉਣ ਦੀ ਭਾਰਤ ਵਾਂਗ ਦੁਕਾਨਦਾਰੀ ਸਥਾਪਿਤ ਕਰ ਚੁੱਕਾ ਹੈ।

ਹਿੰਦੂ ਧਰਮ ਤੋਂ ਇਲਾਵਾ ਸਿੱਖ, ਬੋਧ, ਜੈਨ, ਈਸਾਈ, ਮੁਸਲਿਮ, ਯਹੂਦੀ ਆਦਿ 'ਤੇ ਵੀ ਪ੍ਰਭਾਵ ਬਣਾਈ ਬੈਠਾ ਹੈ। ਵੱਖ-ਵੱਖ ਜਾਤਾਂ, ਬਿਰਾਦਰੀਆਂ ਦੇ ਮੰਦਰ, ਗੁਰਦਵਾਰੇ ਅਤੇ ਚਰਚ ਉਸਰੇ ਪਏ ਹਨ। ਦੂਸਰੇ ਧਰਮਾਂ, ਮਜ਼ਹਬਾਂ, ਜ਼ਾਤਾਂ, ਬਿਰਾਦਰੀਆਂ ਵਿਚ ਵੰਡ ਇਸ ਨੂੰ ਰਾਸ ਆਉਂਦੀ ਹੈ ਦਲਿਤ, ਸੂਚੀਦਰਜ, ਪੱਛੜਾ ਸਮਾਜ ਸਮਝਦਾ ਸੀ ਕਿ ਸ਼ਾਇਦ ਵਿਦੇਸ਼ਾਂ ਵਿਚ ਜਾ ਕੇ ਉਨ੍ਹਾ ਨੂੰ ਇਸ ਕਲੰਕ ਤੋਂ ਛੁਟਕਾਰਾ ਮਿਲ ਜਾਵੇਗਾ। ਜਦੋਂ ਨੌਜਵਾਨ ਲੜਕੇ-ਲੜਕੀਆਂ ਇਕੱਠੇ ਰਹਿੰਦਿਆਂ ਨੂੰ ਪਤਾ ਚਲਾ ਜਾਵੇ ਕਿ ਫਲਾਣਾ ਲੜਕਾ ਜਾਂ ਲੜਕੀ ਜਾਂ ਪਰਿਵਾਰ ਨੀਚ ਜਾਤਾਂ ਨਾਲ ਸਬੰਧਿਤ ਹਨ ਤਾਂ ਨਾ ਸਿਰਫ ਉਹ ਉਨ੍ਹਾਂ ਤੋਂ ਕਿਨਾਰਾ ਕਰ ਲੈਂਦੇ ਹਨ ਬਲਕਿ ਖੂਬ ਛੱਜ ਪਾ ਕੇ ਸਮਾਜ ਵਿਚ ਛੱਟਦੇ ਹਨ, ਬਦਨਾਮ ਕਰਦੇ ਹਨ। ਉਨ੍ਹਾਂ ਨਾਲ ਸਮਾਜਿਕ ਅਤੇ ਭਾਈਚਾਰਕ ਸਾਂਝ ਸਥਾਪਿਤ ਕਰ ਦਿੰਦੇ ਹਨ। ਅੰਦਰਜਾਤੀ ਸ਼ਾਦੀਆਂ, ਰਿਸ਼ਤੇ, ਭਾਈਚਾਰਕ ਸਾਂਝ ਦਾ ਭਾਰਤ ਵਾਂਗ ਸਵਾਲ ਹੀ ਪੈਦਾ ਨਹੀਂ ਹੁੰਦਾ। ਜੇ ਕਿਧਰੇ ਐਸਾ ਅੰਤਰ-ਜਾਤੀ ਸਬੰਧ ਦਲਿਤ ਅਤੇ ਸੂਚੀ ਦਰਜ ਜਾਤ ਨਾਲ ਵੀ ਹੋ ਜਾਵੇ ਤਾਂ ਸਮਾਜਿਕ ਬਾਈਕਾਟ ਅਤੇ ਨਫ਼ਰਤ ਸ਼ੁਰੂ ਹੋ ਜਾਂਦੀ ਹੈ।ਸਰਵਉੱਚਵਾਦੀ ਕੁਲੀਨਤੰਤਰੀ ਬ੍ਰਾਹਮਣਵਾਦ ਅਤੇ ਉੱਚ ਜਾਤੀਵਾਦ ਏਨਾ ਘਟੀਆ, ਖੋਖਲਾ ਅਤੇ ਸ਼ਰਮਨਾਕ ਹੈ ਕਿ ਜਦੋਂ ਕਣਕ, ਚਾਵਲ, ਆਟਾ, ਦਾਲਾਂ, ਸਬਜ਼ੀਆਂ, ਘਿਉ, ਦੁੱਧ, ਪਨੀਰ, ਕੱਪੜਾ, ਜੁੱਤੇ, ਦੇਵੀ-ਦੇਵਤਿਆਂ ਦੀਆਂ ਮੂਰਤੀਆਂ, ਪੂਜਾ ਸਮੱਗਰੀ ਦਲਿਤਾਂ, ਪੱਛੜਿਆਂ ਕਬਾਈਲੀਆਂ, ਸੂਚੀ ਦਰਜ ਜਾਤੀਆਂ ਦੇ ਹੱਥਾਂ ਨਾਲ ਤਿਆਰ ਕਰਨ ਬਾਅਦ ਬ੍ਰਾਹਮਣਾਂ ਦੇ ਸਰੀਰਾਂ, ਘਰਾਂ, ਪੂਜਾ ਸਥਾਨਾਂ ਦਾ ਸ਼ਿੰਗਾਰ ਬਣਦੀਆਂ, ਉਦੋਂ ਇਹ ਉੱਚ ਜਾਤੀਵਾਦ, ਕੁਲੀਨਤੰਤਰਵਾਦ, ਪੁਜਾਰੀਵਾਦ ਭਿੱਟਿਆ ਨਹੀਂ ਜਾਂਦਾ।ਜਦੋਂ ਇੰਨ੍ਹਾ ਵੱਡਾ ਦਲਿਤ ਧੀਆਂ-ਭੈਣਾਂ-ਮਾਵਾਂ ਦੀਆਂ ਇੱਜ਼ਤਾਂ ਨਾਲ ਘਰਾਂ, ਦਫਤਰਾਂ, ਮੰਦਰਾਂ, ਰੈਸਟ ਹਾਊਸਾਂ ਵਿਚ ਖਿਲਵਾੜ ਕੀਤਾ ਜਾਂਦਾ ਹੈ, ਜਦੋਂ ਵੋਟਾਂ ਖ਼ਾਤਰ ਉਨਾਂ ਦੇ ਚੁੱਲ੍ਹਿਆ 'ਤੇ ਚੜ੍ਹੇ ਦੇਗਚਿਆਂ ਵਿਚੋਂ ਦਾਲ-ਰੋਟੀ ਖਾਣ ਦਾ ਵਿਖਾਵਾ ਕੀਤਾ ਜਾਂਦਾ ਹੈ, ਉਦੋਂ ਛੂਤਛਾਤ ਛੂਹ ਮੰਤਰ ਕਿਉਂ ਹੋ ਜਾਂਦੀ ਹੈ? ਲੇਕਿਨ ਚੋਣਾਂ ਬਾਅਦ ਵੱਖਰੇ ਵਟਸਐਪ ਗਰੁੱਪ ਉਜਾਗਰ ਹੋ ਜਾਂਦੇ ਹਨ। ਬਦੇਸ਼ਾਂ ਵਿਚ ਜਾਤੀਵਾਦੀ ਵਟਸਐਪ ਗਰੁੱਪ ਵੱਡੇ ਪੱਧਰ 'ਤੇ ਬਣੇ ਹੋਏ ਹਨ। ਭੀੜ ਪੈਣ 'ਤੇ ਪਲਾਂ ਵਿਚ ਇਕੱਠੇ ਹੋ ਜਾਂਦੇ ਹਨ ਆਪਣੀ ਜਾਤ ਦੇ ਮੁੰਡੇ, ਕੁੜੀ ਜਾਂ ਵਿਅਕਤੀ ਨੂੰ ਬਚਾਉਣ ਲਈ। ਹਾਲਾਤ ਇਹ ਹਨ ਕਿ ਭਾਰਤ ਅੰਦਰ ਸੰਨ 2018 ਤੋਂ 2021 ਤੱਕ ਰਾਸ਼ਟਰੀ ਅਪਰਾਧ ਰਿਕਾਰਡਜ਼ ਬਿਊਰੋ ਅਨੁਸਾਰ ਦਲਿਤ ਨੂੰ ਸ਼ਿਕਾਰ ਬਣਾਉਣ ਵਾਲੇ ਅਪਰਾਧਾਂ ਦੇ ਇਕ ਲੱਖ,89 ਹਜ਼ਾਰ ਕੇਸ ਦਰਜ ਹੋਏ।

ਰੋਜ਼ਾਨਾ 10 ਦਲਿਤ ਔਰਤਾਂ ਰੇਪ ਦਾ ਸ਼ਿਕਾਰ ਹੁੰਦੀਆਂ ਹਨ। ਭਾਰਤੀਅਤਾ, ਭਾਰਤੀ ਧਰਮਾਂ, ਭਾਈਚਾਰਿਆਂ, ਸਭਿਅਤਾ ਤੇ ਕਿੱਡਾ ਵੱਡਾ ਸ਼ਰਮਨਾਕ ਅਭਿਸ਼ਾਪ ਹੈ ਕਿ ਉੱਚ ਵਰਗ ਵਿਚ ਜਨਮ ਲੈਣ ਵਾਲੇ ਬੱਚਿਆਂ ਦੀ 'ਜਮਾਂਦਰੂ ਲਾਟਰੀ' ਨਿਕਲ ਆਉਂਦੀ ਹੈ ਉਮਰ ਭਰ ਕੁਲੀਨਵਾਦੀ ਵਿਸੇਸ਼ਾਧਿਕਾਰ ਦੀ ਜਦ ਕਿ ਦਲਿਤ, ਸੂਚੀ ਦਰਜ ਜਾਤਾਂ ਪੱਛੜਿਆਂ ਦੇ ਘਰੀਂ ਜੰਮਣ ਨਾਲ 'ਜਮਾਂਦਰੂ ਸਰਾਪ' ਲੱਗ ਜਾਂਦਾ ਹੈ ਜੋ ਉਸ ਦਾ ਜੀਵਨ ਭਰ ਹੀ ਨਹੀਂ ਪੀੜ੍ਹੀ ਦਰ ਪੀੜ੍ਹੀ ਪਿੱਛਾ ਨਹੀਂ ਛੱਡਦਾ। ਕਿਸ ਸੰਵਿਧਾਨ ਅਤੇ ਕਿਸ ਨਿਜ਼ਾਮ ਦੀ ਉਡੀਕ ਹੋਰ ਕਿੰਨੀਆਂ ਸਦੀਆਂ ਕੀਤੀ ਜਾਏ ਜੋ ਇਸ ਵਰਣ ਵੰਡ ਸਰਾਪ ਨੂੰ ਸਦੀਵੀ ਤੌਰ 'ਤੇ ਨੇਸਤ-ਏ-ਨਾਬੂਦ ਕਰ ਦੇਵੇ।

**- 'ਦਰਬਾਰਾ ਸਿੰਘ ਕਾਹਲੋਂ'**


TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਦੇਗ ਤੇਗ ਫਤਿਹ — ਪੰਥ ਕੀ ਜੀਤ

www.akalisinghgurdwara.ca

26 ਮਈ, ਦਿਨ ਸ਼ੁੱਕਰਵਾਰ.......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
27 ਮਈ, ਦਿਨ ਸ਼ਨਿੱਚਰਵਾਰ....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
28 ਮਈ, ਦਿਨ ਐਤਵਾਰ........ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।
28 ਮਈ, ਦਿਨ ਐਤਵਾਰ........ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਅਰਜਨ ਸਿੰਘ ਕੰਦੋਲਾ ਅਤੇ ਪਰਿਵਾਰ ਵਲੋਂ ਹੋਵੇਗੀ।
28 ਮਈ, ਦਿਨ ਐਤਵਾਰ........ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਇੰਦਰਜੀਤ ਸਿੰਘ ਜੱਸਲ ਅਤੇ ਪਰਿਵਾਰ ਵਲੋਂ ਹੋਵੇਗੀ।
2 ਜੂਨ, ਦਿਨ ਸ਼ੁੱਕਰਵਾਰ..........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
3 ਜੂਨ, ਦਿਨ ਸ਼ਨਿੱਚਰਵਾਰ.......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
4 ਜੂਨ, ਦਿਨ ਐਤਵਾਰ...........ਸਵੇਰੇ 9:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।
4 ਜੂਨ, ਦਿਨ ਐਤਵਾਰ...........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਅਤਰ ਸਿੰਘ ਜਾਗਰ ਅਤੇ ਪਰਿਵਾਰ ਵਲੋਂ ਹੋਵੇਗੀ।

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਧ ਸੰਗਤ ਵਲੋਂ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਉਤਸਵ ਬੜੀ ਸ਼ਰਧਾ ਅਤੇ ਪਿਆਰ ਨਾਲ ਮਨਾਇਆ ਜਾ ਰਿਹਾ ਹੈ।ਇਸੇ ਸਬੰਧ ਵਿਚ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰ-ਦੁਆਰਾ ਸਾਹਿਬ ਵਿਖੇ ਹੇਠ ਲਿਖੇ ਅਨੁਸਾਰ ਕਰਵਾਏ ਜਾ ਰਹੇ ਹਨ।
ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਗੁਰਬਾਣੀ ਦਾ ਅਨੰਦ ਮਾਣੋ ਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ- 26 ਮਈ 2023, ਦਿਨ ਸ਼ੁੱਕਰਵਾਰ ਸਵੇਰੇ 9:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ- 28 ਮਈ 2023, ਦਿਨ ਐਤਵਾਰ ਸਵੇਰੇ 9:00 ਵਜੇ

ਭੋਗ ਉਪਰੰਤ ਕੀਰਤਨੀ ਜਥੇ ਅਤੇ ਗੁਣੀ ਗਿਆਨੀ ਗੁਰਬਾਣੀ ਕੀਰਤਨ ਅਤੇ ਗੁਰ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਧੰਨਵਾਦੀ ਬਣਾਓ ਜੀ।

ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਜ਼ੀਰਾ ਸ਼ਰਾਬ ਫੈਕਟਰੀ ਮਾਮਲਾ:ਪਾਣੀ ‘ਚੋਂ ਮਿਲਿਆ ਸਾਇਨਾਇਡ:ਨਵੀਂ ਕੇਂਦਰੀ ਜਾਂਚ ਰਿਪੋਰਟ ‘ਚ ਖੁਲਾਸਾ

ਫਿਰੋਜ਼ਪੁਰ-(ਗਗਨਦੀਪ ਸਿੰਘ ਜੱਸੋਵਾਲ) ਜ਼ੀਰਾ ਸ਼ਰਾਬ ਫੈਕਟਰੀ ਮਾਮਲੇ ਵਿੱਚ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ 19 ਮਈ ਨੂੰ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨਜੀਟੀ) ਵਿੱਚ ਆਪਣੀ ਰਿਪੋਰਟ ਪੇਸ਼ ਕੀਤੀ। ਰਿਪੋਰਟ ਵਿੱਚ ਪਾਇਆ ਗਿਆ ਕਿ ਜ਼ੀਰਾ ਇਲਾਕੇ ਦੇ ਤਿੰਨ ਪਿੰਡਾਂ ਮਨਸੂਰਵਾਲ, ਮਹੀਆਂਵਾਲਾ ਕਲਾਂ ਅਤੇ ਰਟੋਲ ਰੋਹੀ ਵਿੱਚ ਜ਼ਮੀਨੀ ਪਾਣੀ ਜ਼ਹਿਰੀਲੇ ਤੱਤਾਂ ਤੇ ਧਾਤੂਆਂ ਤੋਂ ਪ੍ਰਭਾਵਿਤ ਹੈ। ਪਾਣੀ ਵਿੱਚ ਸੇਲੇਨੀਅਮ, ਮੈਂਗਨੀਜ਼ ਅਤੇ ਆਇਰਨ ਦਾ ਗਾੜ੍ਹਾਪਣ ਵਰਗੇ ਤੱਤ ਸਹਿਣਯੋਗ ਮਾਤਰਾਂ ਤੋਂ ਵੱਧ ਪਾਏ ਗਏ ਹਨ।

ਰਿਪੋਰਟ ਮੁਤਾਬਕ,“ਕੇਂਦਰੀ ਪ੍ਰਦੂਸ਼ਣ ਬੋਰਡ ਦੀ ਟੀਮ ਵਲੋਂ ਨਿਗਰਾਨੀ ਅਧੀਨ 29 ਬੋਰਵੈਲਾਂ ਵਿੱਚੋਂ, 12 ਬੋਰਵੈਲਾਂ ਵਿੱਚ ਬਦਬੂ ਵਾਲਾ ਪਾਣੀ ਆ ਰਿਹਾ ਹੈ, ਜਦੋਂ ਕਿ 05 ਬੋਰਵੈੱਲ ਬਦਬੂ ਦੇ ਨਾਲ ਅਤੇ ਹਲਕੇ ਗਹਿਰੇ ਜਾਂ ਕਾਲੇ ਰੰਗ ਦਾ ਪਾਣੀ ਆ ਰਿਹਾ ਸੀ।”“ਇਨ੍ਹਾਂ 29 ਵਿੱਚੋਂ ਕਿਸੇ ਵੀ ਬੋਲਵੈਲ ਦਾ ਪਾਣੀ ਪੀਣ ਯੋਗ ਹੋਣ ਲਈ ਲੋੜੀਂਦੇ ਮਾਪਦੰਡਾ ’ਤੇ ਖਰਾ ਨਹੀਂ ਉਤਰਦਾ, ਨਤੀਜੇ ਵਜੋਂ ਇਸ ਪਾਣੀ ਦੀ ਪੀਣ ਲਈ ਜਾਂ ਫ਼ਿਰ ਸਿੰਚਾਈ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ।”ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ 45 ਦਿਨਾਂ ਦੇ ਅੰਦਰ ਬਣਦੀ ਕਾਰਵਾਈ ਕਰਨ ਲਈ ਲਿਖਿਆ ਹੈ। ਮਾਲਬਰੋਸ ਫੈਕਟਰੀ ਜਿਸ ਨੂੰ ਪ੍ਰਦੂਸ਼ਣ ਕਰਨ ਦੇ ਇਲਜ਼ਾਮਾਂ ਕਾਰਨ ਬੰਦ ਕੀਤਾ ਗਿਆ ਹੈ ਅਤੇ



ਜਿਸ ਦਾ ਮੁੜ ਤੋਂ ਪੱਖ਼ ਸੁਣਨ ਲਈ ਪੰਜਾਬ ਸਰਕਾਰ ਨੂੰ ਅਦਾਲਤ ਵਲੋਂ ਹੁਕਮ ਦਿੱਤੇ ਗਏ , ਨੇ ਨਵੀਂ ਰਿਪੋਰਟ ਬਾਰੇ ਅਧਿਕਾਰਤ ਬਿਆਨ ਨਹੀਂ ਦਿੱਤਾ ਹੈ।

ਹਾਈਕੋਰਟ ਵਿੱਚ ਸੁਣਵਾਈ ਦੌਰਾਨ ਫੈਕਟਰੀ ਦੇ ਵਕੀਲ ਨੇ ਬੀਬੀਸੀ ਪੰਜਾਬੀ ਨਾਲ ਗੱਲਬਾਤ ਦੌਰਾਨ ਕਿਹਾ ਸੀ ਫੈਕਟਰੀ ਨੇ ਸਭ ਕੁਝ ਕੇਂਦਰੀ ਅਤੇ ਪੰਜਾਬ ਸਰਕਾਰ ਦੇ ਮਹਿਕਮਿਆਂ ਤੋਂ ਦੀਆਂ ਮਨਜ਼ੂਰੀਆਂ ਲੈਣ ਤੋਂ ਬਾਅਦ ਕੀਤਾ ਹੈ। ਫੈਕਰਟਰੀ ਨੇ ਪ੍ਰਦਸ਼ਣ ਕਰਨ ਸਬੰਧੀ ਸਾਰੇ ਇਲਜ਼ਾਮਾਂ ਨੂੰ ਰੱਦ ਕੀਤਾ ਸੀ, ਪਰ ਹੁਣ ਵਾਰ-ਵਾਰ ਸੰਪਰਕ ਕਰਨ ਉੱਤੇ ਤਾਜ਼ਾ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਪਿੰਡ ਰਟੋਲ ਰੋਹੀ ਵਿਖੇ ਸਥਿਤ ਬੋਰਵੈੱਲ ਵਿੱਚ ਸਾਈਨਾਈਡ ਦੇ ਗਾੜ੍ਹੇਪਣ ਦੀ ਮੌਜੂਦਗੀ 0.2 ਮਿਲੀਗ੍ਰਾਮ ਮਿਲੀ ਹੈ।

ਪਿੰਡ ਰਟੋਲ ਰੋਹੀ ਵਿਖੇ ਸਥਿਤ ਬੋਰਵੈੱਲ ਵਿੱਚ ਸਾਇਨਾਈਡ ਦੇ ਗਾੜ੍ਹੇਪਣ ਦੀ ਮੌਜੂਦਗੀ 0.2 ਮਿਲੀਗ੍ਰਾਮ ਮਿਲੀ ਹੈ ਜੋ ਕਿ ਨਿਰਧਾਰਿਤ ਸੀਮਾ ਤੋਂ ਚਾਰ ਗੁਣਾ ਵੱਧ ਹੈ ਅਤੇ ਚਿੰਤਾ ਦਾ ਵਿਸ਼ਾ ਹੈ। ਇਸ ਸਬੰਧ ਵਿੱਚ, ਕੇਂਦਰੀ ਪ੍ਰਦੂਸ਼ਣ ਬੋਰਡ ਦੀ ਟੀਮ ਨੇ ਉਦਯੋਗ ਵਿੱਚ ਲਗਾਏ ਗਏ 10 ਬੋਰਵੈੱਲਾਂ ਅਤੇ 06 ਪੀਜ਼ੋਮੀਟਰਾਂ ਦੀ ਮੌਕੇ ‘ਤੇ ਜਾਂਚ ਕੀਤੀ ਸੀ। ਇਹ ਰਿਪੋਰਟ ਚੰਡੀਗੜ੍ਹ ਸਥਿਤ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਵਧੀਕ ਨਿਰਦੇਸ਼ਕ ਵਿਗਿਆਨੀ ਡਾਕਟਰ ਨਰਿੰਦਰ ਸ਼ਰਮਾ ਵੱਲੋਂ ਤਿਆਰ ਕੀਤੀ ਗਈ ਸੀ। ਪੰਜਾਬ ਦੇ ਜ਼ੀਰਾ ਇਲਾਕੇ ਵਿੱਚ ਸਥਿਤ ਮਾਲਬਰੋਸ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਨਾਮਕ ਸ਼ਰਾਬ ਫ਼ੈਕਟਰੀ ਖ਼ਿਲਾਫ਼ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਕੋਲ ਪ੍ਰਦੂਸ਼ਣ ਸਬੰਧੀ ਕੇਸ ਚੱਲ ਰਿਹਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੇ ਜ਼ਿਲ੍ਹਾ ਫ਼ਿਰੋਜ਼ਪੁਰ ਅਧੀਨ ਪੈਂਦੇ ਪਿੰਡ ਮਨਸੂਰਵਾਲ ਕਲਾਂ ‘ਚ ਲੱਗੀ ਇਸ ਸ਼ਰਾਬ ਫ਼ੈਕਟਰੀ ਖ਼ਿਲਾਫ਼ ਇਲਾਕੇ ਦੇ 40 ਪਿੰਡਾਂ ਦੇ ਲੋਕਾਂ ਤੇ ਕਿਸਾਨ ਜਥੇਬੰਦੀਆਂ ਵੱਲੋਂ ਪਿਛਲੇ ਸਾਲ ਤੋਂ ਵਿਰੋਧ-ਪ੍ਰਦਰਸ਼ਨ ਕੀਤਾ ਗਿਆ ਸੀ ਇਲਾਕੇ ਦੇ ਲੋਕਾਂ ਦਾ ਇਲਜ਼ਾਮ ਹੈ ਕਿ ਫ਼ੈਕਟਰੀ ਦੇ ਪ੍ਰਦੂਸ਼ਣ ਕਾਰਨ ਜ਼ਮੀਨਦੋਜ਼ ਪਾਣੀ ਦੂਸ਼ਿਤ ਹੋ ਰਿਹਾ ਹੈ ਅਤੇ ਇਸ ਦਾ ਅਸਰ ਉਨ੍ਹਾਂ ਦੀ ਸਿਹਤ ਉੱਤੇ ਪੈ ਰਿਹਾ ਹੈ। ਜਿਸ ਤੋਂ ਬਾਅਦ 17 ਜਨਵਰੀ 2023 ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜ਼ੀਰਾ ਸ਼ਰਾਬ ਫ਼ੈਕਟਰੀ ਬੰਦ ਕਰਨ ਦਾ ਐਲਾਨ ਕੀਤਾ ਸੀ। ਜ਼ੀਰਾ ਸ਼ਰਾਬ ਫੈਕਟਰੀ ਦੇ ਮਾਮਲੇ ਨਾਲ ਸਬੰਧਿਤ ਵੱਖ ਵੱਖ ਪਟੀਸ਼ਨਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਿਚਾਰ ਅਧੀਨ ਹੈ।

# ਬਜਰੰਗ ਦਲ ਦੇ ਨੇਤਾ ਤੇ ਲੱਗੇ ਕਤਲ ਦੇ ਦੋਸ਼

ਰਾਜਸਥਾਨ:-ਭਿਵਾਨੀ ਕਤਲ ਕਾਂਡ ‘ਚ ਰਾਜਸਥਾਨ ਪੁਲਿਸ ਨੇ ਬਜਰੰਗ ਦਲ ਦੇ ਨੇਤਾ ਮੋਨੂੰ ਮਾਨੇਸਰ ਅਤੇ 20 ਹੋਰਾਂ ਨੂੰ ਕਤਲ ਦੇ ਦੋਸ਼ ‘ਚ ਨਾਮਜ਼ਦ ਕੀਤਾ ਹੈ। ਰਾਜਸਥਾਨ ਦੇ ਜੁਨੈਦ ਅਤੇ ਨਾਸਿਰ 15 ਫਰਵਰੀ ਨੂੰ ਭਰਤਪੁਰ ਤੋਂ ਲਾਪਤਾ ਹੋ ਗਏ ਸਨ। ਅਗਲੇ ਦਿਨ ਉਨ੍ਹਾਂ ਦੀਆਂ ਸੜੀਆਂ ਹੋਈਆਂ ਲਾਸ਼ਾਂ ਹਰਿਆਣਾ ਦੇ ਭਿਵਾਨੀ ਜ਼ਿਲ੍ਹੇ ਵਿੱਚ ਮਿਲੀਆਂ। ਪਰਿਵਾਰ ਨੇ ਬਜਰੰਗ ਦਲ ਦੇ ਮੈਂਬਰਾਂ ‘ਤੇ ਹੱਤਿਆ ਦਾ ਦੋਸ਼ ਲਗਾਇਆ ਸੀ। ਹਿੰਦੁਸਤਾਨ ਟਾਈਮਜ਼ ਦੇ ਅਨੁਸਾਰ, ਐਤਵਾਰ ਨੂੰ ਰਾਜਸਥਾਨ ਪੁਲਿਸ ਨੇ ਘੋਸ਼ਣਾ ਕੀਤੀ ਕਿ ਉਸਨੇ ਐਫਆਈਆਰ ਵਿੱਚ 21 ਲੋਕਾਂ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਹੈ। ਭਰਤਪੁਰ ਦੇ ਐਸਪੀ ਨੇ ਦੱਸਿਆ ਕਿ ਇਨ੍ਹਾਂ ਸਾਰੇ ਲੋਕਾਂ ‘ਤੇ ਸਬੂਤਾਂ ਨੂੰ ਨਸ਼ਟ ਕਰਨ ਅਤੇ ਵਿੱਤੀ ਸਹਾਇਤਾ ਅਤੇ ਪਨਾਹ ਦੇਣ ਦੇ ਨਾਲ-ਨਾਲ ਹੋਰ ਮੁਲਜ਼ਮਾਂ ਨੂੰ ਫਰਾਰ ਕਰਨ ਦਾ ਦੋਸ਼ ਹੈ।







## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

### ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਦਿਹਾੜਾ ਗੁਰੂ ਅਮਰਦਾਸ ਜੀ ਦਾ ਮਨਾਇਆ ਜਾਵੇਗਾ ਅਤੇ 3 ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ:
1. ਭਾਈ ਗੁਰਬਚਨ ਸਿੰਘ ਸਹੋਤਾ ਪਰਿਵਾਰ ਵੱਲੋਂ 2. ਨਗਰ ਅਖਾੜਾ ਜ਼ਿਲ੍ਹਾ ਲੁਧਿਆਣਾ ਦੀ ਸੰਗਤ ਵੱਲੋਂ
3. ਨਗਰ ਗਹਿਲ ਜ਼ਿਲ੍ਹਾ ਬਰਨਾਲਾ ਦੀ ਸੰਗਤ ਵੱਲੋਂ ਇਹ ਤਿੰਨੇ ਅਖੰਡਪਾਠ ਸਾਹਿਬ 26 ਮਈ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 28 ਮਈ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
*27 ਮਈ ਦਿਨ ਸ਼ਨਿਚਰਵਾਰ ਨੂੰ ਬੱਚੀ ਨਾਜਕ ਸੁਧਾਣਾ ਅਤੇ ਬੇਟਾ ਸਪਾਰ ਬਨੋਟ ਦਾ ਅਨੰਦਕਾਰਜ ਹੋਵੇਗਾ।
*27 ਮਈ ਦਿਨ ਸ਼ਨਿਚਰਵਾਰ ਸ਼ਾਮ ਨੂੰ 3 ਪਰਿਵਾਰਾਂ ਵੱਲੋਂ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ:
1. ਭਾਈ ਉਂਕਾਰ ਸਿੰਘ ਢਿੱਲੋਂ ਪਰਿਵਾਰ
2. ਭਾਈ ਕੁਲਦੀਪ ਸਿੰਘ ਢਿੱਲੋਂ ਅਤੇ ਬੀਬੀ ਚਰਨਜੀਤ ਕੌਰ ਢਿੱਲੋਂ ਪਰਿਵਾਰ
3. ਭਾਈ ਹਰਪਾਲ ਸਿੰਘ ਅਤੇ ਬੀਬੀ ਬਲਜਿੰਦਰ ਕੌਰ ਪਰਿਵਾਰ ਵੱਲੋਂ
*28 ਮਈ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸੁੱਚਾ ਸਿੰਘ ਪਰਿਵਾਰ ਵੱਲੋਂ ਹੋਵੇਗੀ।
*28 ਮਈ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਸੁਰਜੀਤ ਸਿੰਘ ਕੰਗ ਪਰਿਵਾਰ ਵੱਲੋਂ ਸਵ. ਬੀਬੀ ਮਨਜੀਤ ਕੌਰ ਗਿੱਲ ਦੀ ਯਾਦ ਵਿਚ
2. ਭਾਈ ਪ੍ਰਿਤਪਾਲ ਸਿੰਘ ਹੀਰੋ ਪਰਿਵਾਰ ਵੱਲੋਂ ਆਪਣੀ ਬੇਟੀ ਦੇ ਅਨੰਦਕਾਰਜ ਦੀ ਸਫਲਤਾ ਲਈ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਭਾਈ ਹਰਭਜਨ ਸਿੰਘ ਜਲੰਧਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਛੱਤਰ ਸਿੰਘ ਭਾਂਬੜੀ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**

# ਅਪਾਹਜਾਂ ਦੀਆਂ ਫਹੁੜੀਆਂ

ਬਈਏ। ਘਰ ਵਿਚ ਬਈਏ, ਰਸੋਈ ਵਿਚ ਬਈਏ, ਖੇਤਾਂ ਵਿਚ ਬਈਏ, ਭਾਂਡੇ ਮਾਂਜਣ ਵਾਲੇ ਬਈਏ, ਰੋਟੀ ਲਾਹੁਣ ਵਾਲੇ ਬਈਏ, ਡੰਗਰ ਪਸ਼ੂ ਚੋਣ ਵਾਲੇ ਬਈਏ।

ਝੋਨਾ ਬਈਏ ਲਾਓਂਣ, ਪਸ਼ੂ ਬਈਏ ਚੋਣ, ਪਠੇ ਵੱਢਣ ਅਤੇ ਕੁਤਰਨ ਅਤੇ ਡੰਗਰਾਂ ਨੂੰ ਬਈਏ ਪਾਓਂਣ।

ਇਹ ਤਾਂ ਦਸੋ ਪੰਜਾਬ ਵਾਲੇ ਬੰਦੇ ਬੁੜੀਆਂ ਕਰ ਕੀ ਰਹੇ ਨੇ। ਬੰਦੇ ਸ਼ਹਿਰਾਂ ਵਿਚ ਗੇੜੀਆਂ, ਬੁੜੀਆਂ ਡਰਾਮੇ ਨਿਆਣੇ ਆਈਲੈਟ ਜਾਂ ਬੁਲਟਾਂ ਦੇ ਪਟਾਕੇ।

ਕਿਰਤ ਤੋਂ ਦੌੜੇ ਲੋਕ ਕੁਟ ਖਾਣਗੇ ਹੀ ਖਾਣਗੇ। ਨਹੀ ਖਾਣਗੇ ਤਾਂ ਦਸ ਦਿਓ।ਗੁੱਸਾਕਰ ਲਿਓ ਪਰ ਕੁੱਟ ਦਾ ਹੱਕਦਾਰ ਹਾਂ ਮੈਂ ਕਿਓਂਕਿ ਮੈਂ ਕਿਰਤ ਤੋਂ ਦੌੜ ਚੁਕਾ ਹੋਇਆਂ। ਬਾਬਾ ਮੇਰਾ ਵਿਹਲੜ ਮਲਕਾਂ ਦੇ ਨਹੀ ਕਿਰਤੀ ਲਾਲੋਆਂ ਦੇ ਗਿਆ।ਮਲਕਾਂ ਦੇ ਪੂੜੇ ਨਹੀ ਲਾਲੋ ਦੀ ਕੋਧਰੇ ਦੀ ਰੋਟੀ ਪ੍ਰਵਾਨ ਸੀ ਉਸ ਨੂੰ। ਵਿਹਲੜ ਨਾਲ ਬਣੀ ਹੀ ਨਾ ਬਾਬਾ ਜੀ ਅਪਣਿਆਂ ਦੀ। ਪੰਡਤ, ਮੁਲਾਣੇ ਨਾ ਜੋਗੀ ਨਾਲ ਨਾ ਸਿਧ ਨਾਲ।

ਪਰ ਮੈਂ ਉਸ ਦਾ ਪੈਰੋਕਾਰ?

ਬੜੇ ਚਿਰਾਂ ਦੀ ਗਲ ਹੈ

ਗਰਮੀਆਂ ਵਿਚ ਗੁਆਢੀਂ ਮੇਰਾ ਘਰ ਦੇ ਪਿਛੇ ਯਾਰਡ ਵਿਚ ਸਬਜੀਆਂ ਲਾਈ ਜਾਏ। ਉਸ ਦੇ ਪੰਜਾਬ ਤੋਂ ਆਏ ਮੀਆਂ ਬੀਵੀ ਯਾਣੀ ਪ੍ਰਾਹੁਣੇ ਖੜੇ ਦੇਖੀ ਜਾਣ ਤਾਂ ਗੁਆਂਢੀ ਕਹਿੰਦਾ ਤੁਹਾਨੂੰ ਮੌਜਾਂ ਬਹਿਕ ਤੇ ਰਹਿੰਦੇ ਹੋ ਬਾਰਾਂ ਮਹੀਨੇ ਘਰ ਦੀਆਂ ਤਾਜਾ ਸਬਜੀਆਂ ਖਾਂਦੇ ਹੋਣੇ ਹੋ ਇਥੇ ਤਾਂ ਬਸ ਇਹੀ ਮਹੀਨਾ ਖੰਡ ਘਰ ਦੀ ਸਬਜੀ ਨਸੀਬ ਹੁੰਦੀ ਬਾਕੀ ਤਾਂ ਫਰਿਜੋ ਫਰਿਜੀ।

ਬੰਦਾ ਤਾਂ ਬੋਲਿਆ ਤਾਂ ਨਾ ਔਰਤ ਉਸ ਦੀ ਕਹਿੰਦੀ ਭਾਅਜੀ ਕਿਹੜਾ ਮਿਟੀ ਨਾ ਮਥਾ ਮਾਰੇ ਸ਼ਹਿਰੋਂ ਰਿਹੜੇ ਵਾਲਾ ਤਾਜੀ ਸਬਜੀ ਦੇ ਜਾਂਦਾ।

ਸ਼ਹਿਰੋਂ, ਰਿਹੜੇ ਵਾਲਾ, ਤਾਜੀ ਸਬਜੀ!

ਪਹਿਲਾਂ ਵੀ ਮੈਂ ਦਸਿਆ ਸੀ ਪੰਜਾਬ ਗਿਆਂ ਰਿਸ਼ਤੇ ਚੋਂ ਮੁੰਡਾ ਕਹੀ ਨਾਲ ਪੰਗੇ ਲਈ ਜਾਏ ਤਾਂ ਮੇਰਾ ਛੋਟਾ ਮੁੰਡਾ ਕਹਿੰਦਾ ਦਸਤਾ ਨਾ ਤੋੜ ਦਈਂ ਕਹੀ ਦਾ। ਅਗਿਓਂ ਓਹ ਕਹਿੰਦਾ ਦਸਤਾ ਕੀ ਹੁੰਦਾ। ਕਿਸਾਨ ਦਾ ਮੁੰਡਾ ਪੁਛ ਰਿਹਾ ਇਹ ਗਲ ਓਹ ਵੀ ਬਾਹਰੋਂ ਗਏ ਨੂੰ।

ਇਹ ਵੀ ਜਿਕਰ ਹੋ ਚੁਕਾ ਕਿ ਪੰਜਾਬ ਨੇ ਨਿਆਣੇ ਜੰਮਣ ਦੇ ਮਾਮਲੇ ਵਿਚ ਵਡਾ ਧੋਖਾ ਖਾਧਾ ਹੈ ਜਿਸਨੂੰ ਦੋ ਹੀ ਕਾਫੀ ਦਾ ਭੂਤ ਬੁਰੀ ਤਰਾਂ ਸਵਾਰ ਹੋਇਆ ਰਿਹਾ ਅਤੇ ਹੁਣ ਇਕ ਦੋ ਨਿਆਣਿਆਂ ਹਥੋਂ ਜਲੀਲ ਅਤੇ ਬਲੈਕ ਮੈਲ ਹੋ ਰਹੇ ਨੇ ਮਾਂ ਪੇ ਅਤੇ ਅਪਣੇ ਇਕਲਾਪੇ ਤੋਂ ਡਰਦੇ ਨਿਆਣਿਆਂ ਦੇ ਮਗਰੇ ਬੋਰੀ ਬਿਸਤਰਾ ਬੰਨੀ ਫਿਰ ਰਹੇ ਨੇ। ਪੰਜ ਸਤ ਨਿਆਣੇ ਹੁੰਦੇ ਇਕ ਦੋ ਚਲੇ ਵੀ ਜਾਂਦੇ ਮਾਂ ਪੇ ਨੂੰ ਮਗਰ ਦੌੜਨ ਦੀ ਲੋੜ ਨਾ ਪੈਂਦੀ, ਨਾ ਪੰਜਾਬ ਖਾਲੀ ਹੁੰਦਾ ਨਾ ਨਿਆਣੇ ਬਲੈਕਮੇਲ ਕਰਕੇ ਬਾਹਰ ਨੂੰ ਦੌੜਦੇ ਨਾ ਤੁਸੀਂ ਬਈਆਂ ਕੋਲੋਂ ਪਗਾਂ ਲੁਹਾਓਂਦੇ।

ਬਈਆਂ ਬਾਰੇ ਫਿਕਰਮੰਦ ਹੋਣ ਤੋਂ ਪਹਿਲਾਂ ਤੁਸੀਂ ਅਪਣੇ ਨਿਆਣਿਆਂ ਦੇ ਛਿਤਰ ਕਿਓਂ ਨਹੀ ਕਾਇਮ ਰਖ ਸਕੇ। ਕਿਓਂ ਓਹ ਵਿਹਲੇ ਮੋਟਰਸਾਈਕਲਾਂ ਤੇ ਗੇੜੀਆਂ ਦਿੰਦੇ ਫੁਕਰੀਆਂ ਮਾਰਦੇ ਫਿਰ ਰਹੇ ਨੇ। ਕਿਓਂ ਨਹੀ ਓਹ ਬਾਪ ਅਪਣੇ ਨਾਲ ਕਦੇ ਖੇਤੀਂ ਗੇੜਾ ਮਾਰਨ ਜਾ ਸਕੇ।

ਮੈਂ ਓਨਾ ਨਿਆਣਿਆਂ ਨੂੰ ਜਾਣਦਾ ਜਿਹੜੇ ਵਿਹੜਾ ਲੰਘ ਕੇ ਕਦੇ ਅਪਣਾ ਪਸ਼ੂ ਚੋਣਾਂ ਤਾਂ ਕੀ ਦੇਖਣ ਨਹੀ ਜਾ ਸਕਦੇ ਕਿ ਜੀਹਨਾ ਦਾ ਦੁਧ ਪੀਂਦੇ ਹਾਂ ਓਹ ਪਸ਼ੂ ਹੈ ਵੀ ਨੇ ਕਿ ਮਰ ਗਏ ।

ਹਰੇਕ ਗਲੇ ਸਰਕਾਰਾਂ ਉਪਰ ਦੋਸ਼ ਮੜਕੇ ਵਿਆਹਾਂ ਉਪਰ ਲਖਾਂ ਖਰਚਿਆਂ ਅਤੇ ਸ਼ਰਾਬਾਂ ਅਤੇ ਗਾਓਂਣ ਵਾਲੀਆਂ ਦੀਆਂ ਫੁਕਰੀਆਂ ਤੋਂ ਤੁਸੀਂ ਖੁਦ ਨੂੰ ਬਰੀ ਕਿਵੇਂ ਕਰ ਸਕਦੇ ਹੋਂ।

ਬਾਪ ਦੀ ਅਖ ਦੀ ਗਹਿਰ ਕਿਥੇ ਗਈ ਕਿ ਉਸ ਦਾ ਮੁੰਡਾ ਛਡੋ ਕੁੜੀ ਤਕ ਨੂੰ ਉਸ ਦਾ ਡਰ ਨਹੀ ਰਿਹਾ। ਕਿਓਂਕਿ ਬਾਪ ਖੁਦ ਫੁਕਰੀਆਂ ਮਾਰਨ ਵਿਚ ਰੁੜ ਕੇ ਅਪਣਾ ਪ੍ਰਭਾਵ ਗਿਆ ਚੁਕਾ ਹੈ ਨਾ ਉਸ ਕੋਲੋਂ ਉਸ ਦੀ ਔਰਤ ਨਾ ਧੀ ਨਾ ਮੁੰਡਾ ਭੈ ਮੰਨੇ ਨਾ ਸ਼ਰਮ ਕਰੇ।

ਕੁਦਰਤ ਦਾ ਅਸੂਲ ਐ ਖਾਲੀ ਥਾਂ ਭਰਨਾ। ਤੁਸੀਂ ਥਾਂ ਖਾਲੀ ਕਰ ਰਹੇ ਓਂ ਬਈਏ ਭਰ ਰਹੇ ਨੇ। ਜਿਵੇਂ ਬਾਹਰ ਗੋਰੇ ਥਾਂ ਖਾਲੀ ਕਰ ਰਹੇ ਨੇ ਤੁਸੀਂ ਬਾਹਰ ਦੇ ਬਈਏ ਬਣ ਕੇ ਭਰ ਰਹੇ ਓਂ। ਓਹ ਇਥੇ ਨਿਆਣੇ ਜੰਮਣੇ ਛਡ ਰਹੇ ਨੇ ਤੁਹਾਨੂੰ ਓਥੇ ਦੋ ਕਾਫੀ ਹੋਰ ਤੌਂ ਮਾਫੀ ਦਾ ਭੂਤ ਸਵਾਰ ਹੋਇਆ ਪਿਆ।

ਇਹ ਹੋਣੀ ਤੁਹਾਡੇ ਨਾਲ ਵਾਪਰਨੀ ਹੀ ਵਾਪਰਨੀ ਹੈ ਕਿਓਂਕਿ ਫੁਕਰੀਆਂ ਅਤੇ ਫੈਲਸੂਫੀਆਂ ਮੈਂ ਛਡਣੀਆਂ ਨਹੀ ਬਈਆਂ ਦਾ ਕਬਜਾ ਅਵੱਸ਼ ਹੈ ਇਥੇ।

ਤੁਸੀਂ ਗੋਰਿਆਂ ਨੂੰ ਇਥੇ ਅਖਾਂ ਕਢਣ ਲਗ ਗਏ ਓਂ ਬਈਏ ਤੁਹਾਨੂੰ ਓਥੇ ਅਖਾਂ ਕਢਣਗੇ ਹੀ ਕਢਣਗੇ। ਯਾਣੀ ਅਗਾ ਦੌੜ ਪਿਛਾ ਚੌੜ। ਇਸ ਹੋਣੀ ਨੂੰ ਤੁਸੀ ਬਾਹਲਾ ਚਿਰ ਰੋਕ ਨਹੀ ਸਕਦੇ ਕਿਓਂਕਿ ਮੈਂ ਗੁਰਾਂ ਦੇ ਕਿਰਤ ਦੇ ਫਲਸਫੇ ਤੋਂ ਅਤੇ ਸਹਿਜ ਅਤੇ ਸਾਦਾ ਜੀਣ ਤੋਂ ਦੌੜ ਕੇ ਅਪਾਹਜ ਹੋ ਚੁਕਾ ਹੋਇਆਂ ਅਤੇ ਹੁਣ ਮੇਰਾ ਬਈਏ ਨਾਂ ਦੀ ਫਹੁੜੀ ਬਿਨਾ ਕੋਈ ਗੁਜਾਰਾ ਹੀ ਨਹੀ। ਕਿ ਹੈ?

**-ਗੁਰਦੇਵ ਸਿੰਘ ਸੱਧੇਵਾਲੀਆ**

# ਅੰਮ੍ਰਿਤਪਾਲ ਸਿੰਘ ਦੇ ਕੇਸ 'ਚ ਕੁੱਲ 12 ਖ਼ਿਲਾਫ਼ ਚਾਲਾਨ ਪੇਸ਼

ਚੰਡੀਗੜ੍ਹ:ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਕੇਸ ਵਿਚ ਥਾਣਾ ਖਿਲਚੀਆਂ ਦੀ ਪੁਲਸ ਨੇ ਅੰਮ੍ਰਿਤਪਾਲ ਦੇ ਸਾਥੀਆਂ ਖਿਲਾਫ਼ ਮਾਣਯੋਗ ਇਲਾਕਾ ਮੈਜਿਸਟ੍ਰੇਟ ਬਿਕਰਮਦੀਪ ਸਿੰਘ ਦੀ ਬਾਬਾ ਬਕਾਲਾ ਸਾਹਿਬ ਅਦਾਲਤ ਵਿਚ ਚਲਾਨ ਪੇਸ਼ ਕੀਤਾ ਹੈ, ਜਿਸ ਦੀ ਅਗਲੀ ਪੇਸ਼ੀ ਦੀ ਤਾਰੀਕ 29 ਮਈ ਨੂੰ ਹੋਵੇਗੀ, ਜਿਸ ਵਿਚ ਨਾਮਜ਼ਦ ਹੋਰਾਂ ਦੀ ਪੇਸ਼ੀ ਤੋਂ ਬਾਅਦ ਗਵਾਹੀਆਂ ਸ਼ੁਰੂ ਹੋਣਗੀਆਂ।ਇਸ ਕੇਸ ਵਿਚ ਅੰਮ੍ਰਿਤਪਾਲ ਸਿੰਘ, ਹਰਜੀਤ ਸਿੰਘ ਅਤੇ ਪਪਲਪ੍ਰੀਤ ਸਿੰਘ ਐੱਨ. ਐੱਸ. ਏ. ਅਧੀਨ ਡਿਬਰੂਗੜ ਜੇਲ੍ਹ ਆਸਾਮ 'ਚ ਹੋਣ ਕਰਕੇ ਉਨ੍ਹਾਂ ਦਾ ਚਲਾਨ ਪੇਸ਼ ਨਹੀਂ ਹੋ ਸਕਿਆ। ਇਹ ਚਲਾਨ ਥਾਣਾ ਖਿਲਚੀਆਂ ਵਿਚ ਦਰਜ 26 ਨੰਬਰ ਐੱਫ. ਆਈ. ਆਰ. ਮਾਮਲੇ ਵਿਚ ਪੇਸ਼ ਕੀਤਾ ਗਿਆ ਹੈ। ਐੱਫ. ਆਈ. ਆਰ. ਵਿਚ ਕਿਹਾ ਗਿਆ ਹੈ ਕਿ ਅੰਮ੍ਰਿਤਪਾਲ ਸਿੰਘ ਦੇ ਕਾਫ਼ਲੇ ਨੂੰ ਜਦੋਂ ਪੁਲਸ ਨੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਨੇ ਪੁਲਸ ਨੂੰ ਸਹਿਯੋਗ ਦੇਣ ਦੀ ਬਜਾਏ ਕਾਫਲਾ ਭਜਾ ਲਿਆ ਤੇ ਪੁਲਸ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਮਾਮਲੇ ਵਿਚ ਕੁੱਲ 12 ਵਿਅਕਤੀਆਂ ਖ਼ਿਲਾਫ਼ ਚਾਲਾਨ ਪੇਸ਼ ਕੀਤਾ ਗਿਆ ਹੈ।

metrovancouver | AIR QUALITY & CLIMATE CHANGE

## ਰੈਜੀਡੈਂਸ਼ੀਅਲ ਇਨਡੋਰ ਵੁੱਡ ਬਰਨਿੰਗ ਕਾਨੂੰਨ:

### ਸੀਜਨਲ ਮਨਾਹੀਆਂ
### ਮਈ 15 ਤੋਂ ਸਤੰਬਰ 15

ਜੇ ਕਰ ਤੁਸੀਂ ਮੈਟਰੋ ਵੈਨਕੂਵਰ ਵਿਚ ਰੈਜੀਡੈਂਸ਼ੀਅਲ ਇਨਡੋਰ ਵੁੱਡ ਬਰਨਿੰਗ ਉਪਕਰਣ ਚਲਾ ਰਹੇ ਹੋ ਤਾਂ ਰੈਂਜੀਡੈਂਸ਼ੀਅਲ ਇਨਡੋਰ ਵੁੱਡ ਬਰਨਿੰਗ ਨਿਕਾਸ ਨਿਯਮ ਬਾਇਲਾਅ ਨੰਬਰ 1303 ਤੁਹਾਡੇ ਤੇ ਲਾਗੂ ਹੋਵੇਗਾ।

### ਤੁਹਾਨੂੰ ਕੀ ਜਾਨਣ ਦੀ ਲੋੜ ਹੈ?

*ਰੈਜੀਡੈਂਸ਼ੀਅਲ ਇਨਡੋਰ ਵੁੱਡ ਬਰਨਿੰਗ ਉਪਕਰਣ(ਫਾਇਰਪਲੇਸ, ਵੁੱਡ ਸਟੋਵ ਆਦਿ) ਵਰਤਣ ਵਾਲੇ ਨੂੰ ਵਧੀਆ ਬਰਨਿੰਗ ਅਭਿਆਸ ਵਰਤਣਾ ਪਵੇਗਾ।

*ਰੈਜੀਡੈਂਸ਼ੀਅਲ ਇਨਡੋਰ ਵੁੱਡ ਬਰਨਿੰਗ ਉਪਕਰਣ 15 ਮਈ ਤੋਂ 15 ਸਤੰਬਰ ਤੱਕ ਨਹੀਂ ਵਰਤੇ ਜਾ ਸਕਦੇ, ਜਦ ਤੱਕ:

- ਵੁੱਡ ਬਰਨਿੰਗ ਉਪਕਰਣ ਅਰਬਨ ਕਨਟੇਨਮੈਂਟ ਬਾਊਂਡਰੀ ਦੇ ਬਾਹਰ ਆਫ ਗਰਿਡ ਰੈਜੀਡੈਂਸ ਵਿਚ ਵਰਤਿਆ ਜਾਂਦਾ ਹੈ।
- ਰਿਹਾਇਸ਼ ਵਿਚ ਸਿਰਫ ਵੁੱਡ ਬਰਨਿੰਗ ਉਪਕਰਣ ਹੀ ਹੀਟ ਦਾ ਸਰੋਤ ਹੈ।
- ਉਥੇ ਕੋਈ ਐਮਰਜੈਂਸੀ ਹੈ (ਜਿਵੇਂ ਕਿ ਗੈਸ ਜਾਂ ਬਿਜਲੀ ਆਊਟਏਜ ਜੋ 3 ਘੰਟੇ ਤੋਂ ਜਿਆਦਾ ਹੋਵੇ।

ਬਾਇਲਾਅ 1303 ਦਾ ਮੁੱਖ ਟੀਚਾ ਰੈਜੀਡੈਂਸ਼ੀਅਲ ਇਨਡੋਰ ਵੁੱਡ ਬਰਨਿੰਗ ਤੋਂ ਹੋਣ ਵਾਲੇ ਧੂੰਏਂ ਤੋਂ ਪਬਲਿਕ ਹੈਲਥ ਅਤੇ ਵਾਤਾਵਰਣ ਨੂੰ ਬਚਾਉਣਾ ਹੈ।

2022 ਸਤੰਬਰ ਤੋਂ, ਜੇ ਤੁਸੀਂ ਬਰਨ ਕਰਦੇ ਹੋ, ਤੁਹਾਨੂੰ ਬੈਸਟ ਬਰਨਿੰਗ ਅਭਿਆਸ ਘੋਸ਼ਿਤ ਕਰਨਾ ਪਵੇਗਾ ਅਤੇ ਅਰਬਨ ਇਲਾਕਿਆਂ ਵਿਚ, ਵੁੱਡ ਬਰਨਿੰਗ ਉਪਕਰਣ ਰਜਿਸਟਰ ਕਰਵਾਉ।

*QR ਕੋਡ ਵਰਤੋ, ਜਾਂ ਵੈੱਬਸਾਈਟ www.metrovancouver.org ਤੇ ਜਾਉ ਅਤੇ 'Residential Wood Burning' ਸਰਚ ਕਰੋ।
*ਫੋਨ ਕਰੋ:604-451-6677 ਜਾਂ ਈਮੇਲ ਕਰੋ riwb@metrovncouver.org

ਮੈਟਰੋ ਵੈਨਕੂਵਰ ਵੁੱਡ ਬਰਨਿੰਗ ਉਪਕਰਣਾਂ ਤੋਂ ਪ੍ਰਦੂਸ਼ਣ ਨਿਕਾਸ ਘੱਟ ਕਰਨ ਲਈ ਰੀਬੇਟਸ ਪ੍ਰਦਾਨ ਕਰ ਰਿਹਾ ਹੈ। ਵਧੇਰੇ ਜਾਣਕਾਰੀ ਲਈ www.metrovancouver.org ਤੇ ਜਾਉ ਅਤੇ 'Community Wood Smoke Reduction' ਸਰਚ ਕਰੋ।

ATLAS
ANIMAL HOSPITAL

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4
www.atlasvetsinvancouver.com

## ਸਿਹਤ ਸੰਬੰਧੀ



# ਐਲਰਜੀ, ਹੇਅ-ਫ਼ੀਵਰ, ਪੋਲਨਜ਼ ਅਤੇ ਹੋਮਿਓਪੈਥਿਕ ਇਲਾਜ

ਐਲਰਜਿਕ ਰਹੀਨਾਇਟੀਸ (Allergic Rhenitis), ਜਿਸ ਨੂੰ ਕਿ ਹੇਅ-ਫ਼ੀਵਰ ਜਾਂ ਪੌਲੀਨੋਸਿਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦਾ ਮਤਲਬ ਹੈ ਐਲਰਜੀ ਦੀ ਵਜ੍ਹਾ ਨਾਲ ਨੱਕ ਦੀ ਅੰਦਰਲੀ ਝਿੱਲੀ ਵਿੱਚ ਸੋਜਸ਼ ਹੋ ਜਾਣੀ। ਜੇ ਰਹੀਨਾਇਟੀਸ ਸ਼ਬਦ ਦਾ ਸੰਧੀ-ਭੇਦ ਕਰਕੇ ਵੇਖਿਆ ਜਾਵੇ ਤਾਂ “Rhino” ਦਾ ਮਤਲਬ ਹੁੰਦਾ ਹੈ “ਨੱਕ ਨਾਲ ਸਬੰਧਤ” ਅਤੇ “itis” ਦਾ ਸਬੰਧ ਸੋਜਸ਼ ਨਾਲ ਹੁੰਦਾ ਹੈ। ਐਲਰਜਿਕ ਰਹੀਨਾਇਟੀਸ ਮੌਸਮੀ ਜਾਂ ਗ਼ੈਰ-ਮੌਸਮੀ ਵੀ ਹੋ ਸਕਦੀ ਹੈ। ਬਹਾਰ ਦੇ ਮੌਸਮ (ਸਪ੍ਰਿੰਗ) ਵਿੱਚ ਇਹ ਐਲਰਜੀ ਜ਼ਿਆਦਾਤਰ ਰੁੱਖਾਂ ਦੇ ਫ਼ੁੱਲਾਂ ਦੇ ਪੋਲਨ (tree pollens) ਕਰਕੇ ਹੁੰਦੀ ਹੈ। ਘਾਹ ਕੱਟਣ ਨਾਲ ਸਬੰਧਤ ਐਲਰਜੀ ਅਕਸਰ ਗਰਮੀਆਂ ਦੀ ਰੁੱਤ ਵਿੱਚ ਹੁੰਦੀ ਹੈ ਅਤੇ ਵੀਡ ਪੋਲਨ (weed pollen) ਪਤਝੜ (ਫ਼ੌਲ) ਦੀ ਰੁੱਤ ਵਿੱਚ ਐਲਰਜੀ ਦੇ ਲੱਛਣ ਪੈਦਾ ਕਰਦੀ ਹੈ। ਬਹਾਰ ਦਾ ਮੌਸਮ ਚੱਲ ਰਿਹਾ ਹੈ ਅਤੇ ਬਹੁਤ ਸਾਰੇ ਵਿਅਕਤੀਆਂ ਨੂੰ ਪੋਲਨ ਐਲਰਜੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਈਆਂ ਨੂੰ ਆਉਣ ਵਾਲੇ ਸਮੇਂ ਵਿੱਚ ਇਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਹਾਰ ਦੇ ਮੌਸਮ ਵਿੱਚ ਐਲਰਜੀ ਦਾ ਕਾਰਨ ਬਣਨ ਵਾਲੇ ਤੱਤ ਦਰਖ਼ਤਾਂ ਉੱਪਰ ਪੁੰਗਰ ਰਹੇ ਫ਼ੁੱਲਾਂ ਤੋਂ ਉੱਡ ਕੇ ਵਾਤਾਵਰਨ ਵਿੱਚ ਸ਼ਾਮਲ ਹੋ ਜਾਂਦੇ ਹਨ। ਹਰ ਸਾਲ ਇਸ ਮੌਸਮ ਦੇ ਆਉਣ ਦੇ ਕਈ ਵਿਅਕਤੀਆਂ ਨੂੰ ਆਪੋ-ਆਪਣੀ ਸੰਵੇਦਨਾ ਅਨੁਸਾਰ ਐਲਰਜੀ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹਾਰ ਦੇ ਮੌਸਮ ਵਿੱਚ ਹਰ ਸਾਲ ਜਦੋਂ ਦਰਖ਼ਤਾਂ ਦੇ ਫ਼ੁੱਲ ਫ਼ੁੱਟਣੇ ਸ਼ੁਰੂ ਹੁੰਦੇ ਹਨ ਤਾਂ ਕਈ ਸੰਵੇਦਨਸ਼ੀਲ ਵਿਅਕਤੀਆਂ ਨੂੰ ਬਹੁਤ ਤਕਲੀਫ਼ਦੇਹ ਲੱਛਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਛਿੱਕਾਂ (ਕਈ ਵਾਰੀ ਬਹੁਤ ਜ਼ਿਆਦਾ), ਅੱਖਾਂ ਵਿੱਚ ਲਾਲੀ ਅਤੇ ਰੜਕ, ਅੱਖਾਂ ਵਿੱਚੋਂ ਪਾਣੀ ਵਗਣਾ, ਪਲਕਾਂ ਵਿੱਚ ਜਲਨ ਅਤੇ ਸੋਜਸ਼, ਨੱਕ ਵਿੱਚ ਝੁਨਝੁਨਾਹਟ, ਨੱਕ ਵਿੱਚ ਸੇਕ ਅਤੇ ਨੱਕ ਵਿੱਚੋਂ ਜਲਨਸ਼ੀਲ ਤਰਲ ਪਦਾਰਥ ਵਗਣਾ, ਨੱਕ ਦੇ ਵਿੰਗਜ਼ ਪੂੰਝ ਪੂੰਝ ਕੇ ਲਾਲ ਹੋ ਜਾਣੇ, ਰਾਤ ਨੂੰ ਨੱਕ ਬੰਦ ਹੋ ਜਾਣਾ, ਮੂੰਹ ਰਾਹੀਂ ਸਾਹ ਲੈਣਾ, ਨੀਂਦ ਨਾ ਆਉਣੀ, ਦਿਨ ਵੇਲੇ ਨੱਕ ਬੰਦ ਰਹਿਣਾ ਅਤੇ ਉਸ ਵਿੱਚੋਂ ਪਾਣੀ ਵਗਣਾ। ਪੀੜਤ ਵਿਅਕਤੀ ਦੀ ਬੁਰੀ ਹਾਲਤ ਕਰ ਦੇਣ ਵਾਲੇ ਇਹ ਲੱਛਣ ਉਸ ਦੇ ਸੁਭਾਅ ਵਿੱਚ ਚਿੜਚਿੜਾਪਨ ਤਾਂ ਲਿਆਉਂਦੇ ਹੀ ਹਨ, ਇਨ੍ਹਾਂ ਕਾਰਨ ਵਿਅਕਤੀ ਦੀ ਕੰਮ ’ਤੇ ਜਾਣ ਦੀ ਹਾਲਤ ਵੀ ਨਹੀਂ ਰਹਿੰਦੀ। ਸਿਰ ਭਾਰਾ, ਸਿਰ ਵਿੱਚ ਦਰਦ, ਰੌਸ਼ਨੀ ਚੰਗੀ ਨਾ ਲੱਗਣੀ, ਚਿਹਰਾ ਲਾਲ ਹੋ ਜਾਣਾ, ਸਰੀਰ ਬੇਜਾਨ, ਸੁੱਕੀ ਖੰਘ, ਗਲਾ ਖ਼ੁਸ਼ਕ ਅਤੇ ਬਾਰ-ਬਾਰ ਛਿੱਕਾਂ ਮਾਰਨ ਨਾਲ ਪਸਲੀਆਂ ਵਿੱਚ ਦਰਦ ਦੇ ਕਾਰਨ ਵਿਅਕਤੀ ਬੇਹਾਲ ਹੋ ਜਾਂਦਾ ਹੈ। ਮਰੀਜ਼ ਨੂੰ ਕਿਸੇ ਵੀ ਅਵਸਥਾ ਵਿੱਚ ਚੈਨ ਨਹੀਂ ਮਿਲਦਾ। ਬੇਚੈਨੀ ਕਰਕੇ ਉਹ ਘਰ ਦੇ ਅੰਦਰ ਜਾਂ ਬਾਹਰ ਟਿਕ ਕੇ ਬੈਠ ਨਹੀਂ ਸਕਦਾ। ਕਈ ਕੇਸਾਂ ਵਿੱਚ ਉਪਰੋਕਤ ਲੱਛਣਾਂ ਦੇ ਨਾਲ ਨਾਲ ਇੰਨੀ ਜ਼ਬਰਦਸਤ ਐਲਰਜੀ ਹੁੰਦੀ ਹੈ ਕਿ ਸਾਹ ਦੀ ਨਾਲੀ ਵਿੱਚ ਵੀ ਤਕਲੀਫ਼ ਮਹਿਸੂਸ ਹੋਣ ਲੱਗ ਜਾਂਦੀ ਹੈ ਅਤੇ ਸਾਹ ਲੈਣਾ ਵੀ ਔਖਾ ਲੱਗਣ ਲੱਗ ਜਾਂਦਾ ਹੈ। ਰਵਾਇਤੀ ਇਲਾਜ ਪ੍ਰਣਾਲੀ ਵਿੱਚ ਐਲਰਜੀ ਦਾ ਅਸਰ ਘਟਾਉਣ ਲਈ ਐਲਰਜੀ ਦਾ ਕਾਰਨ ਬਣਨ ਵਾਲੇ ਖ਼ਾਸ ਤੱਤ ਦਾ ਪਤਾ ਕਰਨ ਤੋਂ ਬਾਅਦ ਟੀਕੇ ਰਾਹੀਂ ਆਈਸੋਪੈਥਿਕ (ਸਿੋਪਅਟਹਚਿ) ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਵੀ ਐਲਰਜੀ ਦਾ ਕਾਰਨ ਬਣਨ ਵਾਲੇ ਤਕਰੀਬਨ ਸਾਰੇ ਤੱਤਾਂ ਨੂੰ ਸਥਾਪਤ ਹੋਮਿਓਪੈਥਿਕ ਫ਼ਾਰਮੇਸੀਆਂ ਵੱਲੋਂ ਪੋਟੈਨਟਾਈਜ਼ ਕੀਤਾ ਹੋਇਆ ਹੈ। ਫ਼ਰਕ ਸਿਰਫ਼ ਇਹ ਹੈ ਕਿ ਹੋਮਿਓਪੈਥੀ ਵਿੱਚ ਖਾਣ ਵਾਲੀ ਦਵਾਈ ਦਿੱਤੀ ਜਾਂਦੀ ਹੈ। ਜਿਸ ਪਦਾਰਥ ਤੋਂ ਵਿਅਕਤੀ ਸੰਵੇਦਬਸ਼ੀਲ ਹੁੰਦਾ ਹੈ ਉਸੇ ਪਦਾਰਥ ਤੋਂ ਹੋਮਿਓਪੈਥਿਕ ਫ਼ਾਰਮਾਕੋਪੀਆ ਅਨੁਸਾਰ ਦਵਾਈ ਦੀ ਪੋਟੈਂਸੀ ਤਿਆਰ ਕੀਤੀ ਜਾਂਦੀ ਹੈ। ਰਹੀਨਾਇਟੀਸ ਅਤੇ ਹੇਅ-ਫ਼ੀਵਰ ਦੇ ਇਲਾਜ ਲਈ ਕਾਊਂਟਰ ਤੋਂ ਮਿਲਣ ਵਾਲੀਆਂ ਅਤੇ ਤਜਵੀਜ਼ ਕੀਤੀ ਜਾਣ ਵਾਲੀਆਂ ਬਹੁਤ ਸਾਰੀਆਂ ਦਵਾਈਆਂ ਉਪਲਬਧ ਹਨ। ਇਨ੍ਹਾਂ ਦੀਆਂ ਦੋ ਪ੍ਰਮੁੱਖ ਸ਼੍ਰੇਣੀਆਂ ਹਨ:

- Antihistamines (ਐਂਟੀਹਿਸਟੇਮਾਈਨਜ਼)
- Topical Steroids (ਟੌਪੀਕਲ ਸਟੀਰੌਇਡਜ਼)

ਇਹ ਦੋਵਾਂ ਤਰ੍ਹਾਂ ਦੀਆਂ ਦਵਾਈਆਂ ਐਲਰਜੀ ਤੋਂ ਅਸਥਾਈ ਤੌਰ ’ਤੇ ਰਾਹਤ ਦਿੰਦੀਆਂ ਹਨ ਅਤੇ ਆਮ ਤੌਰ ’ਤੇ ਦਿਨ ਪ੍ਰਤੀ ਦਿਨ ਜਾਂ ਅਟੈਕ ਹੋਣ ’ਤੇ ਲੈਣੀਆਂ ਪੈਂਦੀਆਂ ਹਨ। ਪਰ ਇਨ੍ਹਾਂ ਦੇ ਆਪਣੇ ਮਾੜੇ ਪ੍ਰਭਾਵ ਵੀ ਹੁੰਦੇ ਹਨ ਜਿਨ੍ਹਾਂ ਨਾਲ ਨੀਂਦ ਜਾਂ ਘੁਮੇਰੀ ਆਉਣੀ ਅਤੇ ਧਿਆਨ ਲਗਾਉਣ ਵਿੱਚ ਮੁਸ਼ਕਲ ਆਉਣੀ, ਖ਼ਾਸ ਕਰਕੇ ਗੱਡੀ ਚਲਾਉਣ ਵੇਲੇ ਜਾਂ ਕਿਸੇ ਮਸ਼ੀਨ ’ਤੇ ਕੰਮ ਕਰਨ ਸਮੇਂ। ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਇਸ ਪੀੜਤ ਅਵਸਥਾ ਵਾਸਤੇ ਬਹੁਤ ਢੁਕਵੀਆਂ ਦਵਾਈਆਂ ਉਪਲਬਧ ਹਨ। ਪਰ ਜੇ ਪੀੜਤ ਵਿਅਕਤੀ ਨੂੰ ਉਸ ਦੀ ਪੂਰੀ ਬਣਤਰ, ਉਸ ਦੇ ਸੁਭਾਅ, ਆਦਤਾਂ ਅਤੇ ਜੀਵਨ-ਸ਼ੈਲੀ ਤੋਂ ਇਲਾਵਾ ਐਲਰਜੀ ਕਾਰਨ ਪੈਦਾ ਹੋਏ ਲੱਛਣਾਂ ਨੂੰ ਸਮਝਦਿਆਂ ਹੋਇਆਂ ਢੁਕਵੀਂ ਹੋਮਿਓਪੈਥਿਕ ਦਵਾਈ ਦਿੱਤੀ ਜਾਵੇ ਤਾਂ ਉਸ ਨੂੰ ਐਲਰਜੀ ਤੋਂ ਹਮੇਸ਼ਾ ਵਾਸਤੇ ਛੁਟਕਾਰਾ ਮਿਲ ਸਕਦਾ ਹੈ। ਹੋਮਿਓਪੈਥਿਕ ਦਵਾਈਆਂ ਦਾ ਕੋਈ ਸਾਈਡ-ਅਫ਼ੈਕਟ ਨਹੀਂ ਹੁੰਦਾ ਅਤੇ ਇਹ ਵਿਅਕਤੀ ਦੇ ਦਿਨ ਪ੍ਰਤੀ ਦਿਨ ਦੇ ਕੰਮ ਵਿੱਚ ਵੀ ਅੜਚਨਾਂ ਪੈਦਾ ਨਹੀਂ ਕਰਦੀਆਂ। ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਨ ਉਪਰੰਤ ਐਲਰਜੀ ਤੋਂ ਪੀੜਤ ਵਿਅਕਤੀ ਦੀ ਮਦਦ ਕਰ ਸਕਦਾ ਹੈ।

ਐਲਰਜੀ ਤੋਂ ਬਚਣ ਲਈ ਕੁਝ ਸਹਾਇਕ ਗੁਰ:

ਧੋਤੇ ਕਪੜਿਆਂ ਨੂੰ ਸੁਕਾਉਣ ਲਈ ਖੁੱਲ੍ਹੇ ਵਿੱਚ ਨਾ ਲਟਕਾਓ ਕਿਉਂਕਿ ਕਪੜੇ ਅਤੇ ਚਾਦਰਾਂ ਉੱਪਰ ਪੋਲਨ ਡਸਟ ਜੰਮ ਜਾਂਦੀ ਹੈ। ਘਰ ਵਿੱਚ ਅਤੇ ਕਾਰ ਚਲਾਉਂਦੇ ਸਮੇਂ ਖਿੜਕੀਆਂ ਨੂੰ ਬੰਦ ਰੱਖਣ ਦੀ ਕੋਸ਼ਿਸ਼ ਕਰੋ। ਯਾਦ ਰੱਖੋ ਜਿਹੜੀ ਚੀਜ਼ ਮਿੱਟੀ ਜਾਂ ਧੂੜ ਇਕੱਠੀ ਕਰ ਸਕਦੀ ਹੈ ਉਸ ਉੱਪਰ ਪੋਲਨ ਵੀ ਜਮ੍ਹਾਂ ਹੋ ਸਕਦੇ ਹਨ। ਉਦਾਹਰਣ ਵਜੋਂ, ਕਾਰਪੈੱਟ, ਕੰਧ ’ਤੇ ਲਟਾਈਆਂ ਚੀਜ਼ਾਂ, ਪਰਦੇ, ਫ਼ਰਨੀਚਰ ਦੇ ਕਵਰ ਅਤੇ ਹੋਰ ਸਤਹਾਂ ਜਿੱਥੇ ਧੂੜ ਜੰਮ ਸਕਦੀ ਹੈ। ਸਵੇਰੇ 6 ਤੋਂ 10 ਵਜੇ ਤਕ ਹਵਾ ਵਿੱਚ ਪੋਲਨ ਦਾ ਅਸਰ ਵਧੇਰੇ ਹੁੰਦਾ ਹੈ। ਇਸ ਲਈ ਇਸ ਸਮੇਂ ਦੌਰਾਨ ਖੁੱਲ੍ਹੇ ਵਿੱਚ ਜਾਣ ਤੋਂ ਗੁਰੇਜ਼ ਕਰੋ। ਬਰਸਾਤ ਹੋਣ ਤੋਂ ਬਾਅਦ ਪੋਲਨ ਘਟ ਜਾਂਦਾ ਹੈ। ਲੰਮੇ ਸਮੇਂ ਤਕ ਬਾਹਰ ਰਹਿਣ ਤੋਂ ਬਾਅਦ ਨਹਾ ਕੇ ਕਪੜੇ ਬਦਲਣੇ ਚਾਹੀਦੇ ਹਨ। ਇਸ ਨਾਲ ਪੋਲਨ ਦਾ ਅਸਰ ਘਟ ਜਾਵੇਗਾ। ਐਨਕਾਂ ਪਹਿਨਣ ਨਾਲ ਅੱਖਾਂ ’ਤੇ ਪੋਲਨ ਦਾ ਅਸਰ ਘਟ ਜਾਂਦਾ ਹੈ।




ਡਾ. ਸ਼ਵੇਤਾ
MBBS, MD & DHMS (ONT.)
Abbotsford
(604) 304-2236

ਡਾ. ਆਰ.ਐੱਸ. ਸੈਣੀ
(ਹੋਮਿਓਪੈਥ)
Surrey
(604) 502-9579






# ਹਸਗੁੱਲੇ

ਸੁਰੇਸ਼, ਅੱਜ ਬਾਈਕ ਵਿੱਚ ਪੈਟਰੋਲ ਪੁਆਉਣ ਗਿਆ ਤਾਂ ਦੇਖਿਆ ਕਿ ਲੋਕ ਆਪਣੀਆਂ ਘਰਵਾਲੀਆਂ ਨੂੰ ਪੈਟਰੋਲ ਪੰਪ ਤੋਂ ਬਾਹਰ ਹੀ ਮੋਟਰਸਾਈਕਲ ਤੋਂ ਲਾਹ ਰਹੇ ਸਨ।

ਰਮੇਸ਼, ਉਹ ਕਿਉਂ ?

ਸੁਰੇਸ਼, ਉਥੇ ਲੱਗੇ ਇਕ ਬੋਰਡ 'ਤੇ ਲਿਖਿਆ ਸੀ-ਅੱਗ ਲਾਉਣ ਵਾਲੀਆਂ ਚੀਜ਼ਾਂ ਦੂਰ ਰੱਖੋ।

*****************

ਪਤਨੀ:- ਅੱਜ ਬੱਸ ਵਿੱਚ ਕੰਡਕਟਰ ਨੇ ਮੇਰੀ ਬੇਇੱਜ਼ਤੀ ਕੀਤੀ।

ਪਤੀ:- ਕਿਉਂ ਕੀ ਗੱਲ ਹੋ ਗਈ ?

ਪਤਨੀ:-ਮੇਰੇ ਬੱਸ ਵਿੱਚੋਂ ਉਤਰਦਿਆਂ ਹੀ ਉਸ ਨੇ ਕਿਹਾ-ਹੁਣ 3 ਸਵਾਰੀਆਂ ਇਸ ਸੀਟ 'ਤੇ ਆ ਜਾਣ।

*****************

ਪਤਨੀ:- ਜੀ ਸੁਣਦੇ ਹੋ ਜ਼ਰਾ ਉੱਪਰੋਂ ਬੈਗ ਉਤਾਰ ਦਿਓ ਮੇਰਾ ਹੱਥ ਨਹੀਂ ਪੁੱਜ ਰਿਹਾ?

ਪਤੀ (ਗੁੱਸੇ ਨਾਲ) ਤਾਂ ਆਪਣੀ ਜ਼ੁਬਾਨ ਨਾਲ ਟਰਾਈ ਕਰ ਲੈ ਉਹ ਤਾਂ ਲੰਬੀ ਹੈ!

*************

ਅਧਿਆਪਕ (ਪੱਪੂ ਨੂੰ) ਤੂੰ ਮੇਰਾ ਦਿਮਾਗ਼ ਖ਼ਰਾਬ ਕਰ ਦਿੱਤਾ ਹੈ ਕੱਲ੍ਹ ਮੈਂ ਤੇਰੇ ਪਿਤਾ ਜੀ ਨੂੰ ਮਿਲਾਂਗਾ!

ਪੱਪੂ :-ਸਰ ਪਿਤਾ ਜੀ ਨੂੰ ਨਹੀਂ ਤੁਸੀਂ ਮੇਰੇ ਚਾਚਾ ਜੀ ਨੂੰ ਮਿਲੋ!

ਅਧਿਆਪਕ: ਕਿਉਂ ?

ਪੱਪੂ :ਚਾਚਾ ਜੀ ਦਿਮਾਗ ਦੇ ਡਾਕਟਰ ਹਨ!

*************

ਪਤਨੀ ਨੇ ਅੰਗਰੇਜ਼ੀ ਦੀ ਕਿਤਾਬ ਪੜ੍ਹਦੇ ਹੋਏ ਪਤੀ ਨੂੰ ਪੁੱਛਿਆ ਇਹ ਫਿਨੀਸ਼ ਤੇ ਕੰਪਲੀਟ ਚ ਕੀ ਫ਼ਰਕ ਹੁੰਦਾ ਹੈ?

ਪਤੀ:- ਜਿਵੇਂ ਮੈਂ ਤੈਨੂੰ ਮਿਲਿਆ ਤਾਂ ਤੇਰੀ ਲਾਈਫ ਹੋ ਗਈ ਕੰਪਲੀਟ ਤੇ ਤੂੰ ਮੈਨੂੰ ਮਿਲ ਗਈ ਤਾਂ ਮੇਰੀ ਲਾਈਫ ਹੋਗੀ ਫਿਨਿਸ਼!

*************

ਸੱਸ ਅਤੇ ਨੂੰਹ ਆਪਸ ਵਿੱਚ ਲੜ ਰਹੀਆਂ ਸਨ ਅਤੇ ਪਿਤਾ-ਪੁੱਤਰ ਉਨ੍ਹਾਂ ਨੂੰ ਚੁੱਪ ਕਰਵਾ ਰਹੇ ਸਨ। ਇਨੇ ਚਿਰ ਨੂੰ ਪੁੱਤਰ ਨੇ ਦੇਖਿਆ ਕਿ ਨਾਨੀ ਜੀ ਆ ਰਹੇ ਹਨ। ਨਾਨੀ ਨੂੰ ਆਉਂਦਿਆਂ ਦੇਖ ਪੁੱਤਰ ਪਿਤਾ ਨੂੰ ਕਹਿੰਦਾ ਕਿ ਲੜਾਈ ਦੀ ਤੀਸਰੀ ਲਹਿਰ ਵੀ ਆ ਗਈ ਹੈ।

*************

ਇੱਕ ਵੋਟਰ ਈ ਵੀ ਐਮ ਮਸ਼ੀਨ ਦੇ ਸਾਹਮਣੇ ਬੜੀ ਦੇਰ ਤੱਕ ਬਿਨਾਂ ਵੋਟ ਕੀਤੇ ਖੜ੍ਹਾ ਸੀ..

ਪੋਲਿੰਗ ਅਧਿਕਾਰੀ ਨੇ ਪੁੱਛਿਆ, ''ਓਹ ਭਾਈ ਸਾਬ੍ਹ! ਕੀ ਸੋਚ ਰਹੇ ਹੋ, ਵੋਟ ਕਿਉਂ ਨਹੀਂ ਪਾ ਰਹੇ?''

ਵੋਟਰ ਬੋਲਿਆ, ''ਰਾਤ ਨੂੰ ਕਿਹੜੇ ਉਮੀਦਵਾਰ ਨੇ ਪਿਆਈ ਸੀ, ਯਾਦ ਨਹੀਂ ਆ ਰਿਹਾ।''

*************

ਪੱਪੂ ਦੀ ਪਤਨੀ ਡਰਾਈਵਰ ਨਾਲ ਭੱਜ ਗਈ...

ਗੱਪੂ (ਪੱਪੂ ਨੂੰ), ''ਓਹ ਯਾਰ! ਤੂੰ ਕੀ ਕਰੇਂਗਾ?"

ਪੱਪੂ, ''ਕਰਨਾ ਕੀ ਹੈ ਯਾਰ, ਗੱਡੀ ਖੁਦ ਹੀ ਚਲਾਉਣੀ ਪਵੇਗੀ?"

*************

ਪਤੀ-ਪਤਨੀ ਭਾਂਡਿਆਂ ਦੀ ਦੁਕਾਨ ਵਿੱਚ ਝਗੜ ਰਹੇ ਸਨ...

ਪਤਨੀ, ''ਇਹ ਵਾਲਾ ਸਟੀਲ ਦਾ ਗਲਾਸ ਲਵੋ?"

ਪਤੀ, ''ਨਹੀਂ, ਇਹ ਵੱਡਾ ਗਲਾਸ ਲਵਾਂਗੇ।"

ਦੁਕਾਨਦਾਰ, ''ਸਾਬ੍ਹ ਜੀ! ਅੱਜ ਮਹਿਲਾ ਦਿਵਸ ਹੈ, ਮੈਡਮ ਜੋ ਕਹਿ ਰਹੀ ਹੈ, ਉਹੀ ਗਲਾਸ ਲੈ ਲਵੋ।"

ਪਤੀ, ''ਓਏ! ਤੈਨੂੰ ਵੇਚਣ ਦੀ ਪਈ ਹੈ, ਮੇਰਾ ਇਸ ਛੋਟੇ ਗਲਾਸ ਵਿੱਚ ਹੱਥ ਨਹੀਂ ਵੜਦਾ, ਮੈਂ ਇਸ ਨੂੰ ਮਾਂਜਾਗਾ ਕਿਵੇਂ?"

*************

ਮਾਸਟਰ ਜੀ, ''ਇਹ ਦੱਸੋ ਕਿ ਛੇ ਲੋਕਾਂ ਵਿੱਚ ਅੱਠ ਅੰਬ ਤੁਸੀਂ ਕਿਵੇਂ ਵੰਡੋਗੇ?''

ਚਿੰਪੂ, ''ਜੀ, ਮੈਂਗੋ ਸ਼ੇਕ ਬਣਾ ਕੇ।''

*************

ਡਾਕਟਰ, ''ਤੁਹਾਡੇ ਤਿੰਨ ਦੰਦੇ ਕਿਵੇਂ ਟੁੱਟ ਗਏ?"

ਮਰੀਜ਼, ''ਪਤਨੀ ਨੇ ਸਖਤ ਰੋਟੀ ਬਣਾਈ ਸੀ।"

ਡਾਕਟਰ, ''ਖਾਣ ਤੋਂ ਇਨਕਾਰ ਕਰ ਦਿੰਦੇ।"

ਮਰੀਜ਼: "ਇਹੋ ਤਾਂ ਕੀਤਾ ਸੀ।"

*************

ਪੱਪੂ ਜ਼ਖ਼ਮੀ ਹਾਲਤ ਵਿੱਚ ਬੈਠਾ ਸੀ ਤਾਂ ਦੋਸਤ ਨੇ ਪੁੱਛਿਆ, ''ਕੀ ਹੋਇਆ ਯਾਰ?''

ਪੱਪੂ, ''ਕੁਝ ਨਹੀਂ ਯਾਰ! ਪਤਨੀ ਨੇ ਕੁੱਟਿਆ ਹੈ।''

ਦੋਸਤ, ''ਓਹੋ, ਪਰ ਕਿਉਂ?''

ਪੱਪੂ, ''ਯਾਰ ਉਸਦੇ ਮੰਮੀ-ਪਾਪਾ ਸਾਡੇ ਘਰ ਆਏ ਤਾਂ ਉਸ ਨੇ ਮੈਨੂੰ ਕਿਹਾ ਕਿ ਉਨ੍ਹਾਂ ਲਈ ਕੁਝ ਲੈ ਆਵੋ।''

ਦੋਸਤ, ''ਫਿਰ?''

ਪੱਪੂ, ''ਮੈਂ ਜਾ ਕੇ ਟੈਕਸੀ ਲੈ ਆਇਆ।''

*************

ਚਿੰਟੂ, ''ਮਾਂ ਤੇ ਪਤਨੀ ਵਿੱਚ ਸਭ ਤੋਂ ਵੱਡਾ ਫਰਕ ਕੀ ਹੁੰਦਾ ਹੈ?''

ਮਿੰਟੂ, ''ਮੈਨੂੰ ਨਹੀਂ ਪਤਾ, ਤੁਸੀਂ ਦੱਸੋ?''

ਚਿੰਟੂ,' 'ਮਾਂ ਬੋਲਣਾ ਸਿਖਾਉਂਦੀ ਹੈ ਤੇ ਪਤਨੀ ਚੁੱਪ ਰਹਿਣਾ।''

*************

ਇੱਕ ਛੋਟੀ ਬੱਚੀ ਬੜੀ ਮਾਸੂਮੀਅਤ ਨਾਲ ਦੁਕਾਨਦਾਰ ਨੂੰ ਬੋਲੀ, ''ਅੰਕਲ! ਜਦੋਂ ਮੈਂ ਵੱਡੀ ਹੋ ਜਾਵਾਂਗੀ ਤਾਂ ਕੀ ਤੁਸੀਂ ਆਪਣੇ ਬੇਟੇ ਦਾ ਵਿਆਹ ਮੇਰੇ ਨਾਲ ਕਰ ਦੇਵੋਗੇ?"

ਦੁਕਾਨਦਾਰ (ਹੱਸਦੇ ਹੋਏ), ''ਹਾਂ ਬੇਟਾ, ਜ਼ਰੂਰ ਕਰ ਦੇਵਾਂਗਾ।"

ਬੱਚੀ, ''ਫਿਰ ਆਪਣੀ ਹੋਣ ਵਾਲੀ ਨੂੰਹ ਨੂੰ ਇੱਕ ਚਾਕਲੇਟ ਦੇ ਦੋ।"

*************

ਇੱਕ ਏਅਰਲਾਈਨਜ਼ ਨੇ ਅਨੋਖੀ ਸਕੀਮ ਸ਼ੁਰੂ ਕੀਤੀ, 'ਤੁਸੀਂ ਟਿਕਟ ਖਰੀਦੋ ਤਾਂ ਪਤਨੀ ਦੀ ਟਿਕਟ ਮੁਫਤ।'

ਇਸ ਯੋਜਨਾ ਵਿੱਚ ਭਾਰੀ ਸਫਲਤਾ ਪਿੱਛੋਂ ਕੰਪਨੀ ਨੇ ਸਾਰੀਆਂ ਪਤਨੀਆਂ ਨੂੰ ਫੋਨ ਕਰ ਕੇ ਪੁੱਛਿਆ, ''ਯਾਤਰਾ ਕਿਹੋ ਜਿਹੀ ਰਹੀ?''

ਸਾਰੀਆਂ ਦਾ ਇੱਕੋ ਜਿਹਾ ਜਵਾਬ ਸੀ,''ਕਿਹੜੀ ਯਾਤਰਾ?'

*************

ਮਹਾਤਮਾ (ਸ਼ਰਾਬੀ ਨੂੰ), ''ਤੇਰੇ ਸਾਹਾਂ 'ਚ ਸ਼ਰਾਬ ਦੀ ਇੰਨੀ ਬਦਬੂ ਆਉਂਦੀ ਹੈ ਕਿ ਤੈਨੂੰ ਸਵਰਗ 'ਚ ਤਾਂ ਕੀ, ਨਰਕ 'ਚ ਵੀ ਜਗ੍ਹਾ ਨਹੀਂ ਮਿਲੇਗੀ...।"

ਸ਼ਰਾਬੀ, ''...ਪਰ ਮਹਾਤਮਾ ਜੀ, ਮਰਨ ਤੋਂ ਬਾਅਦ ਤਾਂ ਮੈਂ ਆਪਣੇ ਸਾਹ ਇਥੇ ਹੀ ਛੱਡ ਜਾਵਾਂਗਾ।"

********

ਕੁੜੀ (ਵੇਟਰ ਨੂੰ), ''ਇਹ ਜੋ ਸਾਹਮਣੇ ਮੁੰਡਾ ਬੈਠਾ ਹੈ, ਇਸ ਦਾ ਨਾਂ ਕੀ ਹੈ?"

ਵੇਟਰ, ''ਇਹ ਤਾਂ ਪੰਕਜ ਹੈ।"

ਕੁੜੀ, ''ਇਹ ਮੈਨੂੰ ਪਿਛਲੇ ਇਕ ਘੰਟੇ ਤੋਂ ਪਰੇਸ਼ਾਨ ਕਰ ਰਿਹਾ ਹੈ।"

ਵੇਟਰ, ''...ਪਰ ਉਹ ਤਾਂ ਤੁਹਾਡੇ ਵੱਲ ਦੇਖ ਵੀ ਨਹੀਂ ਰਿਹਾ।"

ਕੁੜੀ, ''ਇਹੋ ਤਾਂ ਪ੍ਰੇਸ਼ਾਨੀ ਹੈ।"

********

ਨਵਾਂ ਵਿਆਹਿਆ ਜੋੜਾ ਇਕ ਵਾਰ ਕਿਸੇ ਕੋਲ ਮਹਿਮਾਨ ਬਣ ਕੇ ਆਇਆ। ਦੋਵੇਂ ਪਤੀ-ਪਤਨੀ ਨੇ ਵਧ-ਚੜ੍ਹ ਕੇ ਉਨ੍ਹਾਂ ਦਾ ਸਵਾਗਤ ਕੀਤਾ। 4-5 ਦਿਨਾਂ ਬਾਅਦ ਉਹ ਚਲੇ ਗਏ। ਪਤਨੀ ਨੇ ਪਤੀ ਨੂੰ ਪੁੱਛਿਆ,

''ਕਿਉਂ ਜੀ, ਉਹ ਤੁਹਾਡੇ ਕਿਹੜੇ ਰਿਸ਼ਤੇਦਾਰ ਸਨ?"

ਇੰਨਾ ਸੁਣਦਿਆਂ ਹੀ ਪਤੀ ਬੇਹੋਸ਼ ਹੋ ਗਿਆ। ਹੋਸ਼ 'ਚ ਆਉਣ ਪਿੱਛੋਂ ਉਸ ਨੇ ਕਿਹਾ, ''ਮੈਂ ਤਾਂ ਸਮਝ ਰਿਹਾ ਸੀ ਕਿ ਉਹ ਤੇਰੇ ਰਿਸ਼ਤੇਦਾਰ ਹਨ।"

*************

ਮੁੰਡਾ ਕੁੜੀ ਨੂੰ ਤੰਗ ਕਰ ਰਿਹਾ ਸੀ।

ਕੁੜੀ, ''ਤੇਰੇ ਘਰ ਮਾਂ-ਭੈਣ ਨਹੀਂ ਹਨ?"

ਮੁੰਡਾ, ''ਮਾਂ-ਭੈਣ ਤਾਂ ਹਨ, ਬਸ ਤੇਰੀ ਕਮੀ ਹੈ।"

ਕੁੜੀ, ''ਤੈਨੂੰ ਮੇਰੀ ਕਮੀ ਮਹਿਸੂਸ ਹੋ ਰਹੀ ਹੈ?

ਇਹ ਗੱਲ ਜੇ ਮੇਰੇ ਪੰਜ ਭਰਾਵਾਂ ਨੂੰ ਪਤਾ ਲੱਗ ਗਈ ਤਾਂ ਤੇਰੇ ਘਰ ਵਾਲਿਆਂ ਨੂੰ ਤੇਰੀ ਕਮੀ ਮਹਿਸੂਸ ਹੋਵੇਗੀ।"

ਇਕ ਦਿਨ ਬਾਦਸ਼ਾਹ ਅਕਬਰ ਨੇ ਬੀਰਬਲ ਨੂੰ ਹੁਕਮ ਦਿੱਤਾ, 'ਬੀਰਬਲ ਚਾਰ ਇਹੋ ਜਿਹੇ ਮੂਰਖ ਲੱਭ ਕੇ ਲਿਆਵੋ ਜਿਹੜੇ ਇਕ-ਦੂਜੇ ਨਾਲੋਂ ਵੱਧ ਕੇ ਹੋਣ। ਇਹ ਕੰਮ ਕੋਈ ਐਨਾ ਔਖਾ ਨਹੀਂ ਹੈ ਕਿਉਂਕਿ ਸਾਡਾ ਰਾਜ ਤਾਂ ਕੀ, ਪੂਰੀ ਦੁਨੀਆ ਮੂਰਖਾਂ ਨਾਲ ਭਰੀ ਪਈ ਹੈ।

ਅਕਬਰ ਬਾਦਸ਼ਾਹ ਦੀ ਆਗਿਆ ਨਾਲ ਬੀਰਬਲ ਨਗਰ ਵਿਚ ਮੂਰਖਾਂ ਨੂੰ ਲੱਭਣ ਤੁਰ ਪਿਆ। ਤੁਰਦੇਫਿਰਦੇ ਉਸ ਨੇ ਇਕ ਆਦਮੀ ਨੂੰ ਦੇਖਿਆ, ਜਿਹੜਾ ਇਕ ਥਾਲ ਵਿਚ ਜੋੜੇ-ਬੀੜੇ ਅਤੇ ਮਠਿਆਈ ਰੱਖੀ ਕਾਹਲੀ-ਕਾਹਲੀ ਕਿਤੇ ਜਾ ਰਿਹਾ ਸੀ।

ਬੀਰਬਲ ਨੇ ਬੜੀ ਮੁਸ਼ਕਿਲ ਨਾਲ ਉਸ ਨੂੰ ਰੋਕ ਕੇ ਪੁੱਛਿਆ, 'ਭਰਾ, ਇਹ ਸਮਾਨ ਲੈ ਕੇ ਤੂੰ ਕਿੱਥੇ ਜਾ ਰਿਹਾ ਹਾ?'

'ਮੇਰੀ ਔਰਤ ਨੇ ਦੂਸਰਾ ਪਤੀ ਕੀਤਾ ਹੈ, ਜਿਸ ਤੋਂ ਉਸ ਨੂੰ ਪੁੱਤਰ ਹੋਇਆ ਹੈ, ਇਸ ਲਈ ਉਸ ਨੂੰ ਵਧਾਈ ਦੇਣ ਜਾ ਰਿਹਾ ਹਾਂ', ਉਸ ਆਦਮੀ ਨੇ ਕਿਹਾ।

ਬੀਰਬਲ ਨੇ ਉਸ ਨੂੰ ਅਕਬਰ ਬਾਦਸ਼ਾਹ ਦੀ ਇਛਿਆ ਅਨੁਸਾਰ ਮੂਰਖ ਸਮਝ ਕੇ ਆਪਣੇ ਨਾਲ ਲੈ ਲਿਆ।

ਅੱਗੇ ਜਾ ਕੇ ਉਸ ਨੂੰ ਇਕ ਹੋਰ ਆਦਮੀ ਮਿਲਿਆ, ਜਿਹੜਾ ਘੋੜੀ 'ਤੇ ਬੈਠਾ ਸੀ। ਉਸ ਨੇ ਸਿਰ 'ਤੇ ਘਾਹ ਦੀ ਪੰਡ ਰੱਖੀ ਹੋਈ ਸੀ। ਬੀਰਬਲ ਨੇ ਉਸ ਤੋਂ ਪੁੱਛਿਆ, 'ਭਰਾ ਇਹ ਭਾਰ ਤੂੰ ਸਿਰ 'ਤੇ ਕਿਉਂ ਰੱਖਿਆ ਹੋਇਆ ਹੈ?'

'ਮੇਰੀ ਘੋੜੀ ਪੇਟ ਤੋਂ ਹੈ, ਇਸ ਲਈ ਭਾਰ ਨੂੰ ਆਪਣੇ ਸਿਰ 'ਤੇ ਰੱਖਿਆ ਹੈ ਕਿਉਂਕਿ ਇਸ 'ਤੇ ਰੱਖਣ ਨਾਲ ਭਾਰ ਜ਼ਿਆਦਾ ਹੋ ਜਾਵੇਗਾ।' ਉਸ ਆਦਮੀ ਨੇ ਜਵਾਬ ਦਿੱਤਾ। ਬੀਰਬਲ ਨੇ ਉਸ ਨੂੰ ਵੀ ਆਪਣੇ ਨਾਲ ਲੈ ਲਿਆ। ਦੋਵਾਂ ਨੂੰ ਲੈ ਕੇ ਉਹ ਅਕਬਰ ਦੇ ਦਰਬਾਰ ਵਿਚ ਪਹੁੰਚਿਆ ਅਤੇ ਬਾਦਸ਼ਾਹ ਨੂੰ ਪ੍ਰਾਰਥਨਾ ਕੀਤੀ ਕਿ

ਚਾਰੋਂ ਮੂਰਖ ਹਾਜ਼ਰ ਹਨ। ਅਕਬਰ ਨੇ ਕਿਹਾ, 'ਇਹ ਤਾਂ ਸਿਰਫ਼ ਦੋ ਹਨ, ਬਾਕੀ ਦੋ ਕਿੱਥੇ ਹਨ?'

ਤਦੇ ਬੀਰਬਲ ਬੋਲਿਆ, 'ਤੀਸਰੇ ਤੁਸੀਂ ਹੋ। ਜੋ ਇਹੋ ਜਿਹੇ ਮੂਰਖਾਂ ਨੂੰ ਇਕੱਠਾ ਕਰਦੇ ਹੋ ਅਤੇ ਚੌਥਾ ਮੈਂਹਾਂ ਜੋ ਲੱਭ ਕੇ ਲਿਆਇਆ ਹਾਂ।

*************

ਪਿਤਾ (ਬੇਟੇ ਨੂੰ), ''ਦੇਖੋ ਬੇਟਾ, ਜੂਆ ਨਹੀਂ ਖੇਡਦੇ।

ਇਹ ਅਜਿਹੀ ਆਦਤ ਹੈ ਕਿ ਜੇ ਇਸ 'ਚ ਅੱਜ ਜਿੱਤੇਂਗਾ ਤਾਂ ਕੱਲ੍ਹ ਨੂੰ ਹਾਰੇਂਗਾ, ਪਰਸੋਂ ਜਿੱਤੇਂਗਾ ਤਾਂ ਉਸ ਤੋਂ ਅਗਲੇ ਦਿਨ ਹਾਰ ਜਾਵੇਂਗਾ...।"

ਬੇਟਾ, ''ਬਸ ਪਿਤਾ ਜੀ, ਮੈਂ ਸਮਝ ਗਿਆ। ਅੱਗੇ ਤੋਂ ਮੈਂ ਇੱਕ ਦਿਨ ਛੱਡ ਕੇ ਖੇਡਿਆ ਕਰਾਂਗਾ...।"

ਪਿਤਾ (ਬੇਟੇ ਨੂੰ), ''ਦੇਖੋ ਬੇਟਾ, ਜੂਆ ਨਹੀਂ ਖੇਡਦੇ।

ਇਹ ਅਜਿਹੀ ਆਦਤ ਹੈ ਕਿ ਜੇ ਇਸ 'ਚ ਅੱਜ ਜਿੱਤੇਂਗਾ ਤਾਂ ਕੱਲ੍ਹ ਨੂੰ ਹਾਰੇਂਗਾ, ਪਰਸੋਂ ਜਿੱਤੇਂਗਾ ਤਾਂ ਉਸ ਤੋਂ ਅਗਲੇ ਦਿਨ ਹਾਰ ਜਾਵੇਂਗਾ...।"

ਬੇਟਾ, ''ਬਸ ਪਿਤਾ ਜੀ, ਮੈਂ ਸਮਝ ਗਿਆ। ਅੱਗੇ ਤੋਂ ਮੈਂ ਇੱਕ ਦਿਨ ਛੱਡ ਕੇ ਖੇਡਿਆ ਕਰਾਂਗਾ...।"

********

ਪੱਪੂ ਕੌਨ ਬਨੇਗਾ ਕਰੋੜਪਤੀ ਸ਼ੋਅ ਵਿੱਚ ਗਿਆ।

ਅਮਿਤਾਭ ਬੱਚਨ ਨੇ ਉਸ ਨੂੰ ਪੁੱਛਿਆ, ''ਪੱਪੂ ਜੀ, ਤੁਸੀਂ ਕਿਸ ਦੇ ਨਾਲ ਇਥੇ ਆਏ ਹੋ?"

ਪੱਪੂ, ''ਪਿਤਾ ਜੀ ਨਾਲ।"

ਅਮਿਤਾਭ, ''ਤੁਹਾਡੇ ਪਿਤਾ ਜੀ ਦਾ ਸ਼ੁੱਭ ਨਾਂ?"

ਪੱਪੂ, ''ਹਾਂ ਜੀ।"

ਅਮਿਤਾਭ, ''ਕੀ ਨਾਂ ਹੈ ਤੁਹਾਡੇ ਪਿਤਾ ਜੀ ਦਾ?"

ਪੱਪੂ, ''ਜੀ।"

ਅਮਿਤਾਭ, ''ਓ ਪੱਪੂ ਜੀ, ਮੈਂ ਤੁਹਾਡੇ ਕੋਲੋਂ ਤੁਹਾਡੇ ਪਿਤਾ ਜੀ ਦਾ ਨਾਂ ਪੁੱਛ ਰਿਹਾ ਹਾਂ।"

ਪੱਪੂ, ''ਪਹਿਲਾਂ ਮੈਨੂੰ ਚਾਰ ਆਪਸ਼ਨ ਤਾਂ ਦਿਓ।"

********

ਜੱਜ (ਫੜੇ ਗਏ ਚੋਰ ਨੂੰ), ''ਚੰਗਾ ਤਾਂ ਤੂੰ ਚਾਰ ਵਾਰ ਇਕੋ ਦੁਕਾਨ ਦਾ ਤਾਲਾ ਤੋੜਦਾ ਫੜਿਆ ਗਿਆ ਏਂ?"

ਚੋਰ, ''ਜੀ ਸਾਹਿਬ।"

ਜੱਜ, ''ਤੂੰ ਕੀ ਚੋਰੀ ਕੀਤਾ ਸੀ?"

ਚੋਰ, ''ਸਾਹਿਬ, ਮੈਂ ਇਕ ਡ੍ਰੈਸ ਚੋਰੀ ਕੀਤੀ ਸੀ।"

ਜੱਜ, ''ਜਦੋਂ ਤੂੰ ਇਕ ਵਾਰ ਡ੍ਰੈਸ ਚੋਰੀ ਕਰ ਲਈ ਸੀ ਤਾਂ ਫਿਰ ਚਾਰ ਵਾਰ ਉਥੇ ਜਾਣ ਦੀ ਕੀ ਲੋੜ ਸੀ?"

ਚੋਰ, ''ਸਾਹਿਬ, ਜਿਹੜੀਆਂ ਤਿੰਨ ਡ੍ਰੈਸਾਂ ਮੈਂ ਪਹਿਲਾਂ ਚੋਰੀ ਕੀਤੀਆਂ ਸਨ, ਉਨ੍ਹਾਂ ਦਾ ਰੰਗ ਮੇਰੀ ਘਰ ਵਾਲੀ ਨੂੰ ਪਸੰਦ ਨਹੀਂ ਆਇਆ ਸੀ।"

GARCHA Plumbing
Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber




Amarjit Singh Garcha
604-306-3276
Big Or Small, We Do It All

LANGLEY BANQUET HALL




ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3

# ਰੰਗ ਬਦਲ ਰਹੀ ਭਾਰਤੀ ਰਾਜਨੀਤੀ

ਦੇਸ਼ ਦੀ ਰਾਜਨੀਤੀ ਜਿਸ ਤਰ੍ਹਾਂ ਤੇਜ਼ੀ ਨਾਲ ਆਪਣਾ ਰੰਗ ਬਦਲ ਰਹੀ ਹੈ। ਉਸਨੂੰ ਵੇਖਕੇ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਜ਼ਿਆਦਾਤਰ ਲੀਡਰ ਜੋ ਭ੍ਰਿਸ਼ਟਾਚਾਰ ਅਤੇ ਹੋਰ ਅਜਿਹੇ ਮਾਮਲਿਆਂ ਵਿੱਚ ਘਿਰੇ ਹੋਏ ਹਨ, ਉਹਨਾਂ ਨੂੰ ਆਪਣਾ ਬਚਾਅ ਕਰਨ ਲਈ ਸੱਤਾਧਾਰੀਆਂ ਦੀ ਸ਼ਰਣ ਵਿੱਚ ਜਾਣ ਲਈ ਮਜਬੂਰ ਹੋਣਾ ਪੈਂਦਾ ਹੈ।ਇਸ ਸਬੰਧ ਵਿੰਚ ਅਸੀਂ ਕਿਸੇ ਦਾਗੀ ਲੀਡਰ ਦਾ ਨਾਂਅ ਨਹੀਂ ਲੈਣਾ ਚਾਹੁੰਦੇ। ਲੋਕ ਜਾਣਦੇ ਹਨ ਕਿ ਕੌਣ ਕੁਰੱਪਟ ਅਤੇ ਕੌਣ ਇਮਾਨਦਾਰ ਹੈ।ਇਮਾਨਦਾਰ ਬਹੁਤ ਥੋਹੜੇ ਲੀਡਰ ਹਨ ਜਦਕਿ ਭ੍ਰਿਸ਼ਟਾਚਾਰੀ ਬੇਹਿਸਾਬ ਹਨ। ਅਗਲੇ ਸਾਲ ਲੋਕ ਸਭਾ ਦੀਆਂ ਚੋਣਾਂ ਹਨ। ਇਸ ਵਾਰ ਦੀਆਂ ਚੋਣਾਂ ਬਹੁਤ ਅਹਿਮੀਅਤ ਰੱਖਦੀਆਂ ਹਨ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ‘‘ਹੈਟ੍ਰਿਕ’’ ਬਣਾ ਕੇ ਦੇਸ਼ ਦੇ ਇਤਿਹਾਸ ਵਿੱਚ ਆਪਣੀ ਵੱਖਰੀ ਜਗ੍ਹਾ ਬਣਾਉਣੀ ਚਾਹੁੰਦੇ ਹਨ। ਇਸ ਮਕਸਦ ਨੂੰ ਹਾਸਿਲ ਕਰਨ ਲਈ ਲਾਜ਼ਮੀ ਹੈ ਕਿ ਹਰ ਵਿਰੋਧੀ ਲੀਡਰ ਜੋ ਕਿਸੇ ਨਾ ਕਿਸੇ ਕੇਸ ਵਿੱਚ ਘਿਰਿਆ ਹੋਇਆ ਹੈ, ਉਸਦਾ ਸ਼ਿਕੰਜਾ ਕੰਸਿਆ ਜਾਵੇ।ਲੀਡਰਾਂ ਨੂੰ ਜੇ ਸੱਤਾ ਦੀ ਕੁਰਸੀ ਪਿਆਰੀ ਹੈ ਤਾਂ ਉਸਤੋਂ ਪਹਿਲਾਂ ਉਹਨਾਂ ਨੂੰ ਆਪਣਾ ਪਰਿਵਾਰ ਪਿਆਰਾ ਹੈ। ਸੱਤਾ ਦੀ ਕੁਰਸੀ ਆਉਂਦੀ ਜਾਂਦੀ ਰਹਿੰਦੀ ਹੈ ਪਰ ਪਰਿਵਾਰ ਦੀ ਸਲਾਮਤੀ ਬਹੁਤ ਮਾਇਨੇ ਰੱਖਦੀ ਹੈ। ਜਿਵੇਂ ਕਿ ਅਸੀਂ ਆਖਿਆ ਹੈ ਕਿ ਜ਼ਿਆਦਾਤਰ ਲੀਡਰ ਸਕੈਂਡਲਾਂ ਵਿੰਚ ਘਿਰੇ ਹੋਏ ਹਨ ਇਸ ਲਈ ਸੰਤਾਧਾਰੀ ਪਾਰਟੀ ਅਜਿਹੇ ਲੀਡਰਾਂ ਦੇ ਕਾਰਨਾਮਿਆਂ ਦੀ ਤਹਿ ਤੰਕ ਜਾ ਕੇ ਉਹਨਾਂ ਦੇ ਪਿੱਛੇ ਜਾਂਚ ਏਜੰਸੀਆਂ ਨੂੰ ਬੇਲਗਾਮ ਕਰ ਦਿੰਦੀ ਹੈ। ਕੁਰਪਸ਼ਨ ਤੋਂ ਇਲਾਵਾ ਹੋਰ ਵੀ ਮਾਮਲੇ ਹਨ ਜੋ ਵਿਰੋਧੀਆਂ ਦੀ ਨੀਂਦ ਹਰਾਮ ਕਰ ਰਹੇ ਹਨ। ਇੱਕ ਪਾਸੇ ਵਿਰੋਧੀ ਪਾਰਟੀਆਂ ਵੱਲੋਂ ਕਾਂਗਰਸ ਨਾਲ ਮਿਲਕੇ ਇੱਕ ਫ੍ਰੰਟ ਬਣਾਉਣ ਦੀ ਤਿਆਰੀ ਹੋ ਰਹੀ ਹੈ ਦੂਜੇ ਪਾਸੇ ਮੋਦੀ ਵੱਲੋਂ ਆਪਣੇ ਲੀਡਰਾਂ ਦੀ ਨਕੇਲ ਕੰਸੀ ਜਾ ਰਹੀ ਹੈ।ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜੀਜੂ ਨੂੰ ਇਸ ਲਈ ਬਦਲਿਆ ਗਿਆ ਕਿਉਂਕਿ ਉਹ ਜੁਡੀਸ਼ਰੀ ਦੇ ਖ਼ਿਲਾਫ਼ ਬਹੁਤ ਬੋਲਦੇ ਸਨ। ਅਜਿਹਾ ਨਹੀਂ ਕਿ ਕਿਰਨ ਰਿਜੀਜੂ ਦੇ ਬਿਆਨਾਂ ਪਿੱਛੇ ਮੋਦੀ ਨਹੀਂ ਸਨ ਪਰ ਹੁਣ ਮੋਦੀ ਨੂੰ ਅਹਿਸਾਸ ਹੋ ਗਿਆ ਹੈ ਕਿ ਜੁਡੀਸ਼ਰੀ ਨੂੰ ਨਾਰਾਜ਼ ਕਰਕੇ ਉਹ ਆਪਣੇ ਪੈਰਾਂ ਉਪਰ ਕੁਹਾੜਾ ਮਾਰ ਰਹੇ ਹਨ। ਸਾਰੇ ਜੱਜ ਸਰਕਾਰ ਨਵਾਜ਼ ਨਹੀਂ ਹੋ ਸਕਦੇ ਕਿਉਂਕਿ ਜੱਜਾਂ ਦੇ ਕਿਸੇ ਫੈਸਲੇ ’ਚੋਂ ਜੇਕਰ ਸਰਕਾਰ ਪੱਖੀ ਝਲਕ ਮਿਲੇਗੀ ਤਾਂ ਅਦਾਲਤਾਂ ਤੋਂ ਇਨਸਾਫ਼ ਦੀ ਆਸ ਕੋਈ ਨਹੀਂ ਕਰੇਗਾ। ਲੋਕ ਆਪਣੇ ਤਰੀਕੇ ਨਾਲ ਦੋਸ਼ੀ ਦੇ ਖ਼ਿਲਾਫ਼ ਆਵਾਜ਼ ਉਠਾਉਣ ਲਈ ਮਜਬੂਰ ਹੋਣਗੇ। ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਗੋਗੋਈ ਨੇ ਆਪਣੀ ਰਿਟਾਇਰਮੈਂਟ ਤੋਂ ਇਕ ਦਿਨ ਪਹਿਲਾਂ ਸਰਕਾਰ ਨਾਲ ਸੌਦੇਬਾਜ਼ੀ ਕਰਕੇ ਰਾਜਸਭਾ ਦਾ ਮੈਂਬਰ ਬਣਨ ਲਈ ਬਾਬਰੀ ਮਸਜਿਦ ਦਾ ਫੈਸਲਾ ਸਰਕਾਰ ਦੇ ਹੱਕ ਵਿੱਚ ਸੁਣਾ ਦਿੱਤਾ ਸੀ। ਉਹ ਮਾਮਲਾ ਹੁਣ ਵੀ ਸਾਰਿਆਂ ਦੀ ਜ਼ਬਾਨ ਉਪਰ ਹੈ। ਕਿਰਨ ਰਿਜੀਜੂ ਜੇਕਰ ਸੁਪਰੀਮ ਕੋਰਟ ਦੇ ਖ਼ਿਲਾਫ਼ ਬੋਲਦੇ ਸਨ ਤਾਂ ਇਸਦੇ ਪਿੱਛੇ ਉਹਨਾਂ ਦਾ ਦਿਮਾਗ ਨਹੀਂ ਸੀ।ਮੋਦੀ ਜਾਣਦੇ ਹਨ ਕਿ ਕਿਸ ਮੰਤਰੀ ਨੂੰ ਕਿਸ ਕੰਮ ਲਈ ਕਦੋਂ ਮੋਹਰਾ ਬਣਾਇਆ ਜਾ ਸਕਦਾ ਹੈ।ਦਰਅਸਲ ਇਹੀ ਰਾਜਨੀਤੀ ਹੈ ਭਾਵੇਂ ਕਿ ਅਜਿਹੀ ਰਾਜਨੀਤੀ ਉਹ ਵਿਅਕਤੀ ਕਰਦਾ ਹੈ,ਜਿਸ ਨੂੰ ਦੇਸ਼ ਨਾਲੋਂ ਆਪਣਾ ਹਿੱਤ ਜ਼ਿਆਦਾ ਪਿਆਰ ਹੈ। ਜੇ ਮੋਦੀ 2024 ਵਿੱਚ ਹਾਰ ਜਾਂਦੇ ਹਨ ਤਾਂ ਇਹ ਆਪਣੇ ਆਪ ਵਿੱਚ ਚਮਤਕਾਰ ਹੋਵੇਗਾ ਜਿਸਨੂੰ ਰੋਕਣ ਲਈ ਕੇਂਦਰ ਸਰਕਾਰ ਕੁੱਝ ਵੀ ਕਰ ਸਕਦੀ ਹੈ। ਇਸ ਲਈ ਜਿਹੜੀਆਂ ਪਾਰਟੀਆਂ ਖੁੱਲ੍ਹ ਕੇ ਇਕਜੁੱਟਤਾ ਲਈ ਅਗੇ ਨਹੀਂ ਆ ਰਹੀਆਂ ਉਹਨਾਂ ਨੂੰ ਦੇਸ਼ ਦੇ ਸੁਤੰਤਰਤਾ ਸੰਗਰਾਮੀਆਂ ਦਾ ਇਤਿਹਾਸ ਫਿਰ ਪੜ੍ਹਨਾ ਚਾਹੀਦਾ ਹੈ। ਜੇਕਰ ਜਾਂਚ ਏਜੰਸੀਆਂ ਤੋਂ ਇਹਨਾਂ ਨੂੰ ਡਰ ਲੱਗਦਾ ਹੈ ਤਾਂ 2024 ਵਿੱਚ ਇਹਨਾਂ ਦੀ ਜਿੱਤ ਦੇ ਬਾਦ ਇਹੀ ਏਜੰਸੀਆਂ ਇਹਨਾਂ ਨੂੰ ਸਲਾਮ ਕਰਨਗੀਆਂ

## 28 ਮਈ ਨੂੰ ਸੰਸਦ ਸਾਹਮਣੇ ਹੋਵੇਗੀ ਮਹਿਲਾ ਪੰਚਾਇਤ

ਦਿੱਲੀ:ਜੰਤਰ-ਮੰਤਰ ‘ਤੇ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ (ਡਬਲਿਊ.ਐੱਫ.ਆਈ.) ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਖਿਲਾਫ ਪ੍ਰਦਰਸ਼ਨ ਕਰ ਰਹੇ ਪਹਿਲਵਾਨਾਂ ਦੇ ਸਮਰਥਨ ‘ਚ ਖਾਪ ਮਹਾਪੰਚਾਇਤ ਨੇ 28 ਮਈ ਨੂੰ ਨਵੇਂ ਸੰਸਦ ਭਵਨ ਦੇ ਸਾਹਮਣੇ ਮਹਿਲਾ ਪੰਚਾਇਤ ਕਰਨ ਦਾ ਐਲਾਨ ਕੀਤਾ ਹੈ। ਇਸ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਵੇਂ ਸੰਸਦ ਭਵਨ ਦਾ ਉਦਘਾਟਨ ਕਰਨਗੇ। ਦ ਹਿੰਦੂ ਮੁਤਾਬਕ ਵਿਰੋਧ ਕਰ ਰਹੇ ਪਹਿਲਵਾਨਾਂ ਨੇ ਕਿਹਾ ਕਿ ਉਹ ਮਹਾਪੰਚਾਇਤ ਦੇ ਫੈਸਲੇ ਦਾ ਸਵਾਗਤ ਕਰਦੇ ਹਨ। ਇਸ ਦੌਰਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਵੱਲੋਂ ਬਜਰੰਗ ਪੂਨੀਆ ਅਤੇ ਵਿਨੇਸ਼ ਫੋਗਾਟ ਦਾ ‘ਨਾਰਕੋ ਟੈਸਟ’ ਕਰਵਾਉਣ ਦੀ ਸ਼ਰਤ ‘ਤੇ ਉਹ ਖੁਦ ਇਹ ਟੈਸਟ ਕਰਵਾਉਣ ਦਾ ਦਾਅਵਾ ਕਰਨ ਤੋਂ ਬਾਅਦ ਪੂਨੀਆ ਅਤੇ ਵਿਨੇਸ਼ ਨੇ ਸੋਮਵਾਰ ਨੂੰ ਪ੍ਰੈੱਸ ਕਾਨਫਰੰਸ ‘ਚ ਕਿਹਾ ਕਿ ਉਹ ਇਸ ਲਈ ਤਿਆਰ ਹਨ ਪਰ ਇਹ ਟੈਸਟ ਲਾਈਵ ਹੋਣਾ ਚਾਹੀਦਾ ਹੈ।


FRASERVIEW MEATS
The Name of Guaranteed Quality Meats

Number One Quality Meat in Lower Mainland
We also sell cooked chicken
We take orders for all occassion
Serving You Since 1993
Try our Special Chicken Tikkar

Jagir S. Nagra
604-592-2900
#102-12047-80th Ave. Surrey (Besides Mega Fruticana)
www.fraserviewmeats.com

Rai Express Lines Ltd.

Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit

Karnail Singh Rai
President
Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

THE GRAND TAJ
BANQUET HALL
Khalsa Business Centre, 84th Ave. & 128th St., Surrey

CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more
ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com
Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS
Capacity from 100 to 1200
Ladies Parties Special

**TRUSTED NAME IN THE COMMUNITY**

# SAME DAY FOREX

ਵਧੀਆ ਰੇਟ ਤੇ
ਇੰਡੀਆ ਨੂੰ
ਪੈਸੇ ਭੇਜਣ
ਅਤੇ ਮੰਗਵਾਉਣ
ਵਾਸਤੇ ਸਾਡੇ ਨਾਲ
ਸੰਪਰਕ ਕਰੋ




For More Info Call Bajinder S. Dhot

**Cell:604-614-4565, Off:778-967-7000**

Email:samedayforex@gmail.com

**#201-8035-120St. Surrey**

# GURUDHAM TOUR & TRAVEL

**#201-8035-120St, Delta, BC** **Web:www.gurudhamtour.ca**

## 12 ਦਿਨਾਂ ਦੀ ਪੰਜ ਤਖਤ ਸਾਹਿਬ ਅਤੇ ਇਤਿਹਾਸਿਕ ਗੁਰਦੁਆਰਿਆਂ ਦੀ ਯਾਤਰਾ



ਅਕਤੂਬਰ ਮਹੀਨੇ ਵਿਚ

### ਪੰਜ ਤਖਤ ਸਾਹਿਬ ਜੀ

1. ਅਕਾਲ ਤਖਤ ਸਾਹਿਬ ਜੀ 2. ਕੇਸਗੜ ਸਾਹਿਬ ਜੀ
3. ਦਮਦਮਾ ਸਾਹਿਬ ਜੀ 4. ਪਟਨਾ ਸਾਹਿਬ ਜੀ 5. ਹਜ਼ੂਰ ਸਾਹਿਬ ਜੀ

### ਗੁਰਦੁਆਰਾ ਸਾਹਿਬ ਜੀ ਦੇ ਦਰਸ਼ਨ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ, ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ, ਬਾਬਾ ਬੁੱਢਾ ਸਾਹਿਬ ਜੀ, ਤਰਨਤਾਰਨ ਸਾਹਿਬ ਜੀ, ਗੋਇੰਦਵਾਲ ਸਾਹਿਬ ਜੀ, ਸੁਲਤਾਨਪੁਰ ਲੋਧੀ ਸਾਹਿਬ ਜੀ, ਮੁਕਤਸਰ ਸਾਹਿਬ ਜੀ, ਤਲਵੰਡੀ ਸਾਬੋ ਜੀ, ਨਾਨਕਸਰ ਸਾਹਿਬ ਜੀ ਲੁਧਿਆਣਾ, ਮਾਛੀਵਾੜਾ ਸਾਹਿਬ ਜੀ, ਚਮਕੌਰ ਸਾਹਿਬ ਜੀ, ਦਸਤਾਨ-ਏ-ਸ਼ਹਾਦਤ, ਕੀਰਤਪੁਰ ਸਾਹਿਬ ਜੀ, ਅਨੰਦਪੁਰ ਸਾਹਿਬ ਜੀ, ਗੁ. ਬਾਬਾ ਗੁਰਦਿੱਤਾ ਸਾਹਿਬ ਜੀ, ਗੁ. ਪੀਰ ਬੁੱਧੂ ਸ਼ਾਹ ਜੀ, ਵਿਰਾਸਤ ਏ ਖਾਲਸਾ, ਫਤਹਿਗੜ੍ਹ ਸਾਹਿਬ ਜੀ, ਸਰਹੰਦ, ਦੁਖ ਨਿਵਾਰਨ ਸਾਹਿਬ ਜੀ ਪਟਿਆਲਾ, ਚੰਡੀਗੜ੍ਹ, ਪਟਨਾ ਸਾਹਿਬ ਜੀ, ਹਜ਼ੂਰ ਸਾਹਿਬ ਜੀ

### ਯਾਤਰਾ ਦੀਆਂ ਸਹੂਲਤਾਂ

*ਸਾਰੀ ਯਾਤਰਾ ਵਿਚ ਵੋਲਵੋ ਬੱਸਾਂ ਦਾ ਸਫਰ(Wi-Fi ਨਾਲ) * 24 ਘੰਟੇ ਡਾਕਟਰ ਦਾ ਸਾਥ ਦਵਾਈਆਂ ਦੇ ਨਾਲ
*24 ਘੰਟੇ ਸਕਿਓਰਟੀ ਦੀ ਸਹਾਇਤਾ *ਸਮਾਨ ਚੁੱਕਣ ਦੀ ਸਹਾਇਤਾ *ਵੈਜੀਟੇਰੀਅਨ ਭੋਜਨ ਅਤੇ ਫਲ
*ਵੈਬਸਾਈਟ ਤੋਂ ਸਿੱਧਾ ਗੁਰਬਾਣੀ ਕੀਰਤਨ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ
*ਰਾਤ ਨੂੰ ਵਧੀਆ ਹੋਟਲ ਜਾਂ ਗੁਰਦੁਆਰੇ ਦੀ ਚੰਗੀ ਸਰਾਂ ਵਿਚ ਰੁਕਣ ਦੀ ਮਰਜੀ

**ਨੋਟ:ਪਟਨਾ ਸਾਹਿਬ ਅਤੇ ਹਜੂਰ ਸਾਹਿਬ ਨੂੰ ਹਵਾਈ ਯਾਤਰਾ ਹੋਵੇਗੀ**

### Facility in the Tour

*Volvo Buses(with Wi-Fi) *24X7 Days Doctor with Medicine *24X7 Days Security
*Helpers For Luggage *Vegetarian Meal with fruit
*Option for stay in Luxury Hotel or Gurdwara Sahib Saran
*Website Live Kirtan from Darbar Sahib Amritsar,

***Patna Sahib & Hazur Sahib Yatra (By Air)**

**For more Information Call: 778-792-4909**

**604-614-4565, 604-782-3620**

Email:info@gurudhamtour.ca
or gurudhamtour@gmail.com

# ਕਾਵਿ ਕਿਆਰੀ

## .ਗਜ਼ਲ

**ਗੁਰਭਜਨ ਸਿੰਘ ਗਿੱਲ**

ਹਾਕਮ ਹੁਕਮ ਹਕੂਮਤ ਖ਼ਾਤਰ,
ਸ਼ਬਦਾਂ ਨੂੰ ਤਵੀਆਂ ਤੇ ਧਰਦੇ।
ਕੌਣ ਕਹੇ ਦੱਸ ਬੇਸਮਝਾਂ ਨੂੰ,
ਅਰਥ ਕਦੇ ਏਦਾਂ ਨਹੀਂ ਮਰਦੇ।
ਸ਼ਬਦਕਾਰ ਦੀ ਉੱਚੀ ਹਸਤੀ,
ਸ਼ਹਿਰ ਲਾਹੌਰ ਦੀ ਰਾਵੀਉਂ ਤੁਰ ਕੇ,
ਧਰਤ ਆਕਾਸ਼ ਪਤਾਲ 'ਚ ਘੁਲ ਗਈ,
ਜਾ ਪਹੁੰਚੀ ਅੰਦਰ ਘਰ ਘਰ ਦੇ।
ਜਬਰ ਜ਼ੁਲਮ ਦੀ ਤੱਤੀ ਰੇਤਾ,
ਚਹੁੰ ਸਦੀਆਂ ਤੋਂ ਬਾਦ ਨਿਰੰਤਰ,
ਸ਼ਬਦ ਗੁਰੂ ਦੇ ਸੀਸ ਤੇ ਪੈਂਦੀ,
ਅੱਜ ਵੀ ਜਾਬਰ ਘੱਟ ਨਹੀਂ ਕਰਦੇ।
ਸ਼ਬਦ ਵਿਧਾਨ ਲਿਖਣ ਤੋਂ ਮਗਰੋਂ,
ਅਸਥਾਪਣ ਦਾ ਗੱਡਿਆ ਪਰਚਮ,
ਚੁੱਪ ਰਹਿੰਦਾ ਕਿੰਜ ਤਖ਼ਤ ਲਾਹੌਰੀ,
ਸੂਰਜ ਨੂੰ ਕਿੰਜ ਨ੍ਹੇਰੇ ਜਰਦੇ।
ਪੀਰੀ ਨਾਲ ਜੁੜੀ ਫਿਰ ਮੀਰੀ,
ਕਲਮ ਨਾਲ ਕਿਰਪਾਨ ਦੀ ਜੋਟੀ,
ਤਖ਼ਤ ਅਕਾਲ ਸੁਣਾਇਆ ਜੱਗ ਨੂੰ
ਨਿਰਭਉ ਤੇ ਨਿਰਵੈਰ ਨਾ ਡਰਦੇ।
ਰਾਮਦਾਸ ਗੁਰ ਚੌਥਿਓਂ ਅੱਗੇ,
ਕਿੱਥੇ ਪਹੁੰਚਾ ਤੇਗ ਬਹਾਦਰ,
ਸੀਸ ਤਲੀ ਲਲਕਾਰੇ ਗੋਬਿੰਦ,
ਮਾਰਨ ਵਾਲੇ ਜਾਂਦੇ ਖ਼ਰਦੇ।
ਏਸ ਗੁਲਾਬ ਦੀਆਂ ਸਭ ਕਲਮਾਂ
ਸਰਹੰਦ ਤੇ ਚਮਕੌਰ 'ਚ ਖਿੜੀਆਂ,
ਪੂਰੀ ਧਰਤ ਗੁਲਾਬੀ ਹੁੰਦੀ,
ਆਪਾਂ ਜੇ ਰਖਵਾਲੀ ਕਰਦੇ।

**-.ਗਜ਼ਲ ਸੰਗ੍ਰਹਿ "ਰਾਵੀ" ਵਿੱਚੋਂ**

## ਇਲਾਜ-ਏ-ਮੋਤੀਆ

ਗਿਆ ਸਜਾਖਾ ਹੱਸਦਾ ਖੇਡਦਾ,
ਮੁੜ ਕੇ ਆਇਆ ਕਾਣਾ,
ਕੁੱਝ ਹੀਂ ਘੰਟਿਆਂ ਦੇ ਵਿੱਚ ਦੇਖੋ,
ਕੀ ਵਰਤ ਗਿਆ ਭਾਣਾ।
ਵਸਦੀ ਰਸਦੀ ਦੁਨੀਆ ਮੇਰੀ,
ਪਲਾਂ ਵਿੱਚ ਰਹਿ ਗਈ ਅੱਧੀ,
ਸੱਜੀ ਬਾਂਹ ਤਾਂ ਪੂਰੀ ਦਿਸਦੀ,
ਪਰ ਅੱਧੀ ਦਿਸੇ ਨਾ ਖੱਬੀ।
ਹੱਥ ਜੇ ਪਾਵਾਂ ਦੋ ਚੀਜ਼ਾਂ ਨੂੰ,
ਇਕ ਹੱਥੋਂ ਛੁੱਟ ਜਾਵੇ,
ਕਿਉਂ ਨਹੀਂ ਇਕ ਪਾਸਾ ਦਿਸਦਾ,
ਸਮਝ ਕੋਈ ਨਾ ਆਵੇ।
ਤੁਰਦਾ ਵੀ ਮੈਂ ਵਿੰਗਾ ਵਿੰਗਾ,
ਇੱਕ ਪਾਸੇ ਨੂੰ ਜਾਵਾਂ,
ਲੱਭਣ ਤੇ ਵੀ ਨਹੀਂ ਹੈ ਲੱਭਦਾ,
ਖ਼ੁਦ ਅਪਣਾ ਪਰਛਾਵਾਂ।
ਮੱਛਰ ਜਿਹੇ ਕਈ ਘੁੰਮਦੇ ਲੱਗਣ,
ਮੈਨੂੰ ਆਪਣੇ ਦੁਵਾਲੇ,
ਭੰਬੂ ਤਾਰਿਆਂ ਦੇ ਵੱਸ ਮੇਰੀ,
ਜਾਨ ਹੋ ਗਈ ਹਵਾਲੇ।
ਬੁਰਕੀ ਮੂੰਹ ਵਿੱਚ ਪੈਣ ਬਜਾਏ,
ਕੰਨ ਵਿਚ ਪੈਂਦੀ ਜਾਪੇ,
ਹਾਏ ਉਏ ਰੱਬਾ ਕਿੰਨੇ ਪੈ ਗਏ,
ਇੱਕੋ ਵਾਰੀ ਸਿਆਪੇ।
ਆਰਜ਼ੀ ਜਿਹੀ ਇਹ ਹਾਲਤ ਮੇਰੀ,
ਸਹਿਣ ਤੋਂ ਹੋ ਗਈ ਔਖੀ,
ਔਖਾ ਵਕਤ ਕਢਾ ਦੇ ਰੱਬਾ,
ਜਾਨ ਫਿਰ ਹੋ ਜਾਏ ਸੌਖੀ!
ਨਿਆਮਤੇ ਨਜ਼ਰ ਦੇ ਉੱਤੇ ਹੈ ਇਹ,
ਰੱਬ ਦੀ ਨਜ਼ਰੇ ਇਨਾਇਤ,
ਦੇਣ ਵਾਲੇ ਨੇ ਜ਼ਰਾ ਨਾ ਕੀਤੀ,
ਮੂਲੋਂ ਕੋਈ ਕਿਫਾਇਤ।
ਪੁੱਛੋ ਜ਼ਰਾ ਉਨ੍ਹਾਂ ਲੋਕਾਂ ਨੂੰ,
ਜਿਨ੍ਹਾਂ ਸੰਗ ਰੱਬ ਨੇ ਕੀਤਾ ਧੋਖਾ,
ਪੂਰੇ ਅੰਗ ਨਾ ਦੇ ਕੇ ਉਨ੍ਹਾਂ ਦਾ,
ਜਿਉਣਾ ਕੀਤਾ ਔਖਾ।
ਅਸਲੀ ਕੀਮਤ ਹਰ ਚੀਜ਼ ਦੀ,
ਉਦੋਂ ਸਮਝ ਹੈ ਆਂਦੀ,
ਅਚਾਨਕ ਜਦੋਂ ਉਹ ਕਿਸੇ ਵੀ ਵੇਲੇ,
ਹੱਥੋਂ ਹੈ ਖੁਸ ਜਾਂਦੀ।
ਸ਼ਾਬਾਸ਼ ਮੇਰੇ ਸਬੂਤੇ ਅੰਗੋ,
ਕੰਮ ਰੱਖੋ ਤੁਸੀਂ ਜਾਰੀ,
ਤੁਹਾਡੇ ਵਲੋਂ ਜ਼ਰਾ ਵੀ ਢਿੱਲ ਮੱਠ,
ਜਾਂਦੀ ਨਹੀਂ ਸਹਾਰੀ।
ਸਾਬਤੇ ਅੰਗਾਂ ਵਾਲਿਓ ਜ਼ਰਾ ਕੁ,
ਅੰਗ ਹੀਣਾਂ ਵੱਲ ਦੇਖੋ,
ਉਹਨਾਂ ਦੀ ਵੀ ਸਲਾਮਤੀ ਵਾਸਤੇ,
ਹਰ ਥਾਂ ਮੱਥੇ ਟੇਕੋ।



**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਹੁਣ

**ਨਿਰਮਲ ਸਿੰਘ ਰੱਤਾ**

ਵੱਡੇ ਬੰਗਲੇ ਰੌਸ਼ਨ ਕਰਦਾ
ਝੁੱਗੀਆਂ ਨੂੰ ਰੁਸ਼ਨਾਉਂਦਾ ਨਹੀਂ
ਸੂਰਜ ਵੀ ਹੁਣ ਵਿਕਿਆ ਲੱਗਦੈ
ਵਿਹੜੇ ਸਾਡੇ ਆਉਂਦਾ ਨਹੀਂ
ਗੁਣ ਗਾਉਂਦੈ ਸਰਕਾਰਾਂ ਦੇ
ਉਹ ਫੜ ਫੜ ਥੱਬੇ ਨੋਟਾਂ ਦੇ
ਜਿਨ੍ਹਾਂ ਉਹਨੂੰ ਟੀਸੀ ਚਾੜ੍ਹਿਆ
ਉਨ੍ਹਾਂ ਲਈ ਹੁਣ ਗਾਉਂਦਾ ਨਹੀਂ
ਧੀ ਜੰਮੀ ਤਾਂ ਪੱਥਰ ਆਖਣ
ਨੱਕ ਬੁੱਲ੍ਹ ਸਾਰੇ ਵੱਟਦੇ ਨੇ
ਵਿੱਚ ਬੁਢਾਪੇ ਪੱਥਰ ਭਾਲਣ
ਹੀਰਾ ਹੱਥ ਫੜਾਉਂਦਾ ਨਹੀਂ
ਔੜਾਂ ਮਾਰੀ ਧਰਤੀ ਵਾਂਗੂੰ
ਤਨ 'ਤੇ ਲੀਕਾਂ ਪੈ ਚੱਲੀਆਂ
ਬੱਦਲ ਬਣ ਹੁਣ ਵਰ੍ਹਦਾ ਨਹੀਂ ਉਹ
ਮੁੱਖ 'ਤੇ ਨੂਰ ਲਿਆਉਂਦਾ ਨਹੀਂ
ਚੰਨ ਤਾਰਿਆਂ ਨਾਲ ਖੇਡ ਕੇ
ਅੰਬਰ ਥੱਲੇ ਸੌਂਦੇ ਸੀ
ਹੁਣ ਤਾਂ ਸਿਰ 'ਤੇ ਪੱਖਾ ਘੁੰਮੇ
ਮਨ ਮੇਰਾ ਪਰਚਾਉਂਦਾ ਨਹੀਂ
ਜੇਕਰ ਮੈਨੂੰ ਵੋਟ ਦਿਓਗੇ
ਮਸਲੇ ਸਭ ਸੁਲਝਾਦਾਂਗਾ
ਨੇਤਾ ਜੀ ਦਾ ਇਹ ਚੁਟਕਲਾ
ਮੈਨੂੰ ਰਤੀ ਹਸਾਉਂਦਾ ਨਹੀਂ
ਪਰਉਪਕਾਰੀ ਵਿੱਦਿਆ ਦੇ ਵੀ
ਬੜੇ ਵਪਾਰੀ ਬਣ ਗਏ ਨੇ
ਏਕਲਵਯਾ ਦੇ 'ਗੂਠੇ ਤੋਂ ਬਿਨ
ਗੁਰੂ ਵੀ ਗਿਆਨ ਵੰਡਾਉਂਦਾ ਨਹੀਂ
ਮਤਲਬ ਦੇ ਹਨ ਰਿਸ਼ਤੇ ਨਾਤੇ
ਝੂਠੇ ਪਏ ਯਾਰਾਨੇ ਨੇ
ਬਿਨਾਂ ਲੋੜ ਤੋਂ ਬੰਦਾ ਅੱਜਕਲ੍ਹ
ਰੱਬ ਵੀ ਕਦੇ ਧਿਆਉਂਦਾ ਨਹੀਂ
ਫੇਸਬੁੱਕ 'ਤੇ ਹੋਏ ਮੁਹੱਬਤ
ਚਾਰ ਦਿਨਾਂ ਵਿੱਚ ਮੁੱਕ ਜਾਂਦੀ
ਨਾ ਕੋਈ ਸੱਸੀ ਸੋਹਣੀ ਲੱਭਦੀ
ਰਾਂਝਾ ਜੋਗ ਕਮਾਉਂਦਾ ਨਹੀਂ
ਯਾਦ ਮੇਰੀ ਦੇ ਬਾਲ ਕੇ ਦੀਵੇ
ਕੋਈ ਬਨੇਰੇ ਧਰਦਾ ਨਾ
ਔਸੀਆਂ ਪਾ ਪਾ ਰਾਹ ਨਾ ਤੱਕੇ
ਕਾਗ ਵੀ ਕੋਈ ਉਡਾਉਂਦਾ ਨਹੀਂ

ਸੰਪਰਕ: 84270-07623

## ਹੰਕਾਰ 'ਚ ਕਿਉਂ ਮਨੁੱਖ...?

**ਇੰਜੀ. ਸਤਨਾਮ ਸਿੰਘ ਮੱਟੂ**

ਨਾ ਹੀ ਤੇਰੇ ਕਹਿਣ 'ਤੇ ਇਹ ਦਰਿਆ ਵਗਦੇ
ਨਾ ਹੀ ਤੇਰੇ ਕਹਿਣ ਦੇ ਉੱਤੇ ਫੁੱਲ ਖਿੜਦਾ,

ਦਿਲ ਦੀ ਧੜਕਣ ਵੀ ਨਹੀਂ ਤੇਰੇ ਕਹਿਣੇ 'ਚ
ਨਾ ਹੀ ਤੇਰੇ ਕਹਿਣੇ ਉਮਰ ਦਾ ਖੂਹ ਗਿੜਦਾ,
ਪੰਛੀਆਂ ਦਾ ਵੀ ਚਹਿਕਣਾ ਨਹੀਂ ਵੱਸ ਤੇਰੇ
ਨਾ ਹੀ ਦਿਲ 'ਚ ਰਾਗ ਮੁਹੱਬਤ ਦਾ ਛਿੜਦਾ,
ਇਹ ਰੁੱਤਾਂ ਨੇ ਚੱਲਦੀਆਂ ਉਹਦੇ ਹੁਕਮਾਂ 'ਤੇ
ਉਹਦੀ ਰਜ਼ਾ ਨਾਲ ਪੱਤਾ ਆਉਂਦਾ ਤੇ ਗਿਰਦਾ,
ਚਾਨਣ ਤੈਨੂੰ ਅੰਧਕਾਰ 'ਚੋਂ ਦਿਸਿਆ ਨਹੀਂ
ਅੱਕੀਂ ਪਲਾਹੀਂ ਹੱਥ ਮਾਰਦਾ ਤੂੰ ਚਿਰ ਦਾ,
ਨਾ ਹੀ ਤਾਕਤ ਤੇਰੇ 'ਚ ਕਰ ਠੀਕ ਦੇਵੇਂ
ਜਿਹੜਾ ਕਰਮਾਂ ਮਾਰਿਆ ਗੋਡਿਆਂ 'ਤੇ ਰਿੜ੍ਹਦਾ,
ਹੱਕ ਸੱਚ ਨਾਲ ਖੜ੍ਹਨਾ ਤੇਰੀ ਫਿਤਰਤ ਨਹੀਂ
ਝੂਠੀ ਦੇਵੇਂ ਗਵਾਹੀ ਤੂੰ ਝੂਠੀ ਧਿਰ ਦਾ,
ਸ਼ਰਮਸਾਰ ਨਹੀਂ ਹੁੰਦਾ ਤੂੰ ਬੇਇੱਜ਼ਤੀ 'ਤੇ
ਤੇਰਾ ਝੂਠ ਜਦੋਂ ਸੱਚ ਦੇ ਨਾਲ ਭਿੜਦਾ,
ਤੂੰ ਨਹੀਂ ਬੰਦਿਆ ਕਦੇ ਦਾਤਾ ਬਣ ਸਕਦਾ
ਤੂੰ ਤਾਂ ਬਣਕੇ ਮੰਗਤਾ ਉਹਦੇ ਦਰ ਗਿਰਦਾ,
ਦਰ ਦਰ ਤੈਨੂੰ ਭਟਕਣਾ ਅੰਦਰੋਂ ਲੱਭਦਾ ਨਹੀਂ
ਜਿਹੜਾ ਅਸਲੀ ਸਾਈਂ ਹੈ ਤੇਰੇ ਸਿਰ ਦਾ,
ਪਿਆਰ ਮੁਹੱਬਤ ਭਰ ਲੈ ਛੱਡ ਕੇ ਨਫ਼ਰਤਾਂ ਨੂੰ
ਪਾਕਿ ਪਵਿੱਤਰ ਖ਼ੁਦਾ ਨੇ ਦਿੱਤਾ ਹੈ ਹਿਰਦਾ,
ਇੱਛਾ ਤੇਰੀ ਨਾਲ ਸਮਾਂ ਵੀ ਨਹੀਂ ਰੁਕਦਾ
ਪਲ ਪਲ ਵਾਂਗੂੰ ਰੇਤ ਜਾਏ ਹੱਥੋਂ ਕਿਰਦਾ
ਉਹਦੀ ਰਜ਼ਾ 'ਚ ਨੀਵਾਂ ਹੋ ਕੇ ਰਹਿ ਮੱਟੂਆ
ਕਿਉਂ ਹੰਕਾਰ 'ਚ ਭਰਿਆ ਤੂੰ ਫਿਰਦਾ?

ਸੰਪਰਕ: 97797-08257




# ਪ੍ਰਿੰਸ ਜਾਰਜ (ਬੀਸੀ) ਵਿਖੇ ਸੰਧੂ ਸਮਰ ਉਲੰਪਿਕਸ ਚੈਂਪੀਅਨਸ਼ਿਪ ਵਿਚ ਹੋਏ ਸ਼ਾਨਦਾਰ ਮੈਚ







ਪ੍ਰਿੰਸ ਜਾਰਜ:ਹਰ ਸਾਲ ਦੀ ਤਰਾਂ 'ਸੰਧੂ ਸਮਰ ਉਲਿੰਪਕਸ ਚੈਪੀਅਨਸ਼ਿਪ ਟੂਰਨਾਮੈਂਟ' 20 ਅਤੇ 21 ਮਈ ਨੂੰ ਹੋਇਆ। ਇਸ ਵਿੱਚ capture the flag, badminton, basketball, heads up, Jenga, volleyball and riddles ਗੇਮਾਂ ਦੇ ਮੁਕਬਲੇ ਹੋਏ। ਫਾਈਨਲ ਵਿੱਚ 1.'Too slow but curious' ਅਤੇ 2. live laugh dub ਟੀਮਾਂ ਨੇ ਭਾਗ ਲਿਆ। 'live laugh dub' ਟੀਮ ਵਿੱਚ ਕੈਪਟਨ ਈਸ਼ਾ ਕੌਰ ਸੰਧੂ ਸਨ ਅਤੇ ਨਾਲ ਖਿਡਾਰੀ ਅੰਗਦ ਸਿੰਘ ਪੰਧੇਰ, ਅਰਮਾਨ ਸਿੰਘ ਸੰਧੂ, ਜਪਲੀਨ ਕੌਰ, ਜਸਲੀਨ ਕੌਰ ਅਤੇ ਅਨੂਪ ਕੌਰ ਪੰਧੇਰ ਸਨ। ਦੂਸਰੀ 'Too slow but curious' ਟੀਮ ਕੈਪਟਨ ਜੁਝਾਰ ਸਿੰਘ ਸੰਧੂ, ਰੂਪ ਕੌਰ ਪੰਧੇਰ, ਮੰਨਤ ਕੌਰ ਸੰਧੂ, ਤਾਜ ਸਿੰਘ ਸੰਧੂ, ਹਰਨੂਰ ਸਿੰਘ ਸ਼ਾਮਲ ਸਨ। ਫਸਵੇਂ ਮੁਕਿਾਬਲੇ "Too slow but curious " ਟੀਮ ਨੇ ਇਸ ਸਾਲ ਦੀ ਚੈਂਪੀਅਨਸ਼ਿੱਪ ਜਿੱਤ ਲਈ। ਜੇਤੂ ਟੀਮ ਨੂੰ ਸਪੈਸ਼ਲ ਟਰਾਫੀ ਪੰਜਾਬ ਗਾਰਡੀਅਨ ਦੇ ਡਾਇਰੈਕਟਰ ਸ. ਗੁਰਸੇਵ ਸਿੰਘ ਪੰਧੇਰ ਵੱਲੋਂ ਦਿੱਤੀ ਗਈ। ਬਾਕੀ ਖਿਡਾਰੀਆਂ ਨੂੰ ਆਕਰਸ਼ਕ ਇਨਾਮ ਦਿੱਤੇ ਗਏ। ਬੈਸਟ ਖਿਡਾਰੀ ਰੂਪ ਕੌਰ ਪੰਧੇਰ ਨੂੰ MVP ਐਲਾਨਿਆ ਗਿਆ ਜਿਨ੍ਹਾਂ ਨੂੰ ਰਾਮ ਸਿੰਘ ਸੰਧੂ ਨੇ ਸਪੈਸ਼ਲ ਇਨਾਮ ਦੇ ਕੇ ਸਨਮਾਨਿਤ ਕੀਤਾ। ਬਹੁਤ ਵਧੀਆ ਮਹੌਲ ਵਿੱਚ ਟੂਰਨਾਮੈਂਟ ਸਮਾਪਤ ਹੋਇਆ ਅਗਲੇ ਸਾਲ ਮਿਲਣ ਦਾ ਵਾਅਦਾ ਕੀਤਾ ਗਿਆ। ਇਸ ਟੂਰਨਾਮੈਂਟ ਨੂੰ "Akal 3D Print" ਕੰਪਨੀ ਜੋ ਘਰਾਂ ਦੇ (ਨਕਸ਼ਾ ਦੇਖ ਕੇ ਤੁਹਾਡਾ ਘਰ ਕਿਹੋ ਜਿਹਾ ਹੋਵੇਗਾ ਪਹਿਲਾਂ ਦੱਸ ਦਿੰਦੇ ਹਨ) ਮਾਡਲ ਬਣਾਉਂਦੀ ਹੈ ਨੇ ਸਪਾਂਸਰ ਕੀਤਾ।


DHALIWAL GROUP OF COMPANIES










ਅਸੀਂ ਜਿੰਨੇ ਮਰਜੀ ਬੰਦਿਆਂ ਦੀ ਕੇਟਰਿੰਗ ਵੀ ਕਰਦੇ ਹਾਂ

ਅਸੀਂ ਤੁਹਾਡੇ ਘਰ ਤੰਦੂਰ ਲਾ ਕੇ ਕੇਟਰਿੰਗ ਕਰਦੇ ਹਾਂ- ਵੈਜ ਅਤੇ ਨਾਨ ਵੈਜ

ਇੰਡੀਆ ਵਰਗੇ ਖੋਏ ਦੀ ਸਪੈਸ਼ਲ ਬਰਫੀ

ਅਸੀਂ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਕੇਟਰਿੰਗ ਕਰਦੇ ਹਾਂ

604-543-2222

Dhaliwal Sweets
2636 Cedar Park Place
Abbotsford
604.852.2345

Dhaliwal Banquet Hall
Surrey
604-598-1165

Dhoom Restaurant
York Centre Surrey
604-543-2222

Dhaliwal Sweets
Surrey
604-596-1312

Dhaliwal Pizza & Bakery
#104-7790-128 St. Surrey
(Near 78th Ave.)
604-598-8889

Dhoom Restaurant & Bar Vancouver
604-325-4911

Dhaliwal Sweets
Vancouver
604-325-4911

Himalaya Dairy
Surrey
604-543-2421

www.DhoomRestaurant.com


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events







Capacity 350-375 seats



**Dream Catering "Your Venue, Our Food"**

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

**For Bookings, Contact: 604-203-7272**

7236 -120St, Surrey, BC

Email:info@dreambanquethall.ca

# PEACE FURNITURE

For The Peace Of Your Mind









ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

| Business Hours: | |
|---|---|
| | Mon-Fri: 8am to 6pm |
| | Sat-Sun: 12 pm to 6 pm |

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca

Web:www.peacefurniture.ca